# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ | ਫਿਲਾਸਫੀ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ | ਯੂਨਿਟ : 2

ਪਾਠ ਨੰ.

2.1 : ਜੈਵਿਕ-ਨੀਤੀ ਸ਼ਾਸਤਰ ਦੇ ਬੁਨਿਆਦੀ ਸਿਧਾਂਤ

2.2 : ਸੁੱਖੀ ਮੌਤ, ਮੌਤ ਅਤੇ ਮਾਨਵੀ ਪ੍ਰਯੋਗ

2.3 : ਵਿਗਿਆਪਨਾਂ ਸੰਬੰਧੀ ਨੈਤਿਕ ਮਸਲੇ

**Department website : www.pbidde.org**

ਪਾਠ ਨੰ: **2.1** ਲੇਖਕ : ਡਾ. ਜੀ.ਐਸ. ਸੰਧੂ

# ਜੈਵਿਕ-ਨੀਤੀ ਸ਼ਾਸਤਰ ਦੇ ਬੁਨਿਆਦੀ ਸਿਧਾਂਤ
# (Fundamental Principles of Bio-Ethics)

ਬਣਤਰ


2.1.0 ਉਦੇਸ਼

2.1.1 ਜਾਣ ਪਛਾਣ

2.1.2 ਮਹਤਵਪੂਰਨ ਸਿਧਾਂਤ

2.1.2.1 ਵਿਅਕਤੀ ਦਾ ਸਾਮਾਨ ਕਰਨ ਦਾ ਸਿਧਾਂਤ

2.1.2.1.1 ਸੂਚਨਾ ਪੂਰਵਕ ਸਹਿਮਤੀ

2.1.2.1.2 ਸਚਾਈ ਦੱਸਣੀ

2.1.2.2 ਭਲਾਈ ਦਾ ਸਿਧਾਂਤ

2.1.2.3 ਨਿਆਂ ਦਾ ਸਿਧਾਂਤ

2.1.2.4 ਵਿਅਕਤੀ ਦੀ ਸੁਤੰਤਰਤਾ ਦਾ ਸਿਧਾਂਤ

2.1.3 ਮਹੱਤਵਪੂਰਨ ਪ੍ਰਸ਼ਨ


## 2.1.0 ਉਦੇਸ਼ :

ਬਾਇਓ-ਮੈਡੀਕਲ ਦੇ ਮਨੁੱਖੀ ਸਾਧਨਾਂ ਦੀ ਰੱਖਿਆ ਅਤੇ ਵਿਵਹਾਰਕ ਖੋਜ ਲਈ ਬਣਾਏ ਗਏ ਰਾਸ਼ਟਰੀ ਕਮਿਸ਼ਨ ਨੇ ਜੈਵਿਕ ਨੀਤੀ ਸ਼ਾਸਤਰ ਦੇ ਤਿੰਨ ਬੁਨਿਆਦੀ ਸਿਧਾਂਤਾਂ ਭਾਵ ਵਿਅਕਤੀ ਦਾ ਸਨਮਾਨ ਕਰਨਾ, ਭਲਾ ਕਰਨਾ ਅਤੇ ਨਿਆਂ ਕਰਨਾ ਭਾਵੇਂ ਇਹਨਾਂ ਤੋਂ ਇਲਾਵਾ ਹੋਰ ਸਿਧਾਂਤ ਵਿਸ਼ਵਾਸ, ਯੋਗਤਾ ਜਾਂ ਸਚਾਈ ਦੱਸਣ ਨੂੰ ਵੀ ਸਮਾਨ ਰੁਤਬਾ ਦਿੱਤਾ ਗਿਆ ਹੈ। ਨਿਆਂ ਦਾ ਸਿਧਾਂਤ ਇਕ ਹੋਰ ਮਹੱਤਵਪੂਰਨ ਸਿਧਾਂਤ ਹੈ ਜਿਸਨੂੰ ਜਾਨਣਾ ਆਮ ਜਨਤਾ ਲਈ ਜ਼ਰੂਰੀ ਹੈ।

## 2.1.1 ਜਾਣ ਪਛਾਣ :

ਬਾਇਓ-ਮੈਡੀਕਲ ਦੇ ਮਨੁੱਖੀ ਸਾਧਨਾਂ ਦੀ ਰੱਖਿਆ ਅਤੇ ਵਿਵਹਾਰਕ ਖੋਜ ਲਈ ਬਣਾਇਆ ਗਿਆ ਰਾਸ਼ਟਰੀ ਕਮਿਸ਼ਨ ਚਾਰ ਸਾਲ ਦੀ ਸੋਚ ਵਿਚਾਰ ਤੋਂ ਬਾਅਦ ਇਸ ਸਿੱਟੇ ਉਪਰ ਪੁੱਜਾ ਕਿ ਮਨੁੱਖੀ ਜੀਵਾਂ ਨਾਲ ਖੋਜ ਕਰਨ ਲੱਗਿਆਂ ਤਿੰਨ ਮਹੱਤਵਪੂਰਨ ਨੈਤਿਕ ਸਿਧਾਂਤਾਂ ਦੀ ਜ਼ਰੂਰ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਸਿਧਾਂਤਾਂ ਨੂੰ ਸਾਧਾਰਨਤਾ ਸਵੀਕ੍ਰਿਤੀ ਪ੍ਰਾਪਤ ਹੈ ਅਤੇ ਇਨ੍ਹਾਂ ਦਾ ਇਸਤੇਮਾਲ ਵਿਸ਼ਾਲ ਰੂਪ ਕੀਤਾ ਜਾਂਦਾ ਹੈ। ਇਸ ਲਈ ਕਿਸੇ ਵੀ ਜੀਵ ਨੀਤੀ ਸ਼ਾਸ਼ਤਰ ਦੇ ਵਿਚਾਰ-ਵਟਾਂਦਰੇ ਦਾ ਇਹ ਸਿਧਾਂਤ ਆਧਾਰ ਹਨ। ਭਾਵੇਂ ਦਾਰਸ਼ਨਿਕ ਦਲੀਲ ਦਿੰਦੇ ਹਨ ਕਿ ਦੂਜੇ ਹੋਰ ਸਿਧਾਂਤ ਜਿਵੇਂ ਵਿਸ਼ਵਾਸ ਯੋਗਤਾ ਜਾਂ ਸੱਚਾਈ ਦੱਸਣ ਨੂੰ ਵੀ ਸਮਾਨ ਰੁੱਤਬਾ ਦਿੱਤਾ ਜਾਣਾ ਚਾਹੀਦਾ ਹੈ ਜੋ ਉਨੇ ਹੀ ਮਹੱਤਵਪੂਰਨ ਹਨ ਜਿੰਨੇ ਵਿਅਕਤੀਆਂ ਦਾ ਸਨਮਾਨ ਕਰਨਾ, ਭਲਾ ਕਰਨਾ ਅਤੇ ਨਿਆਂ ਕਰਨਾ ਹੁੰਦੇ ਹਨ।

## 2.1.2 ਮਹਤਵਪੂਰਨ ਸਿਧਾਂਤ

### 2.1.2.1 ਵਿਅਕਤੀਆਂ ਦਾ ਸਨਮਾਨ ਕਰਨ ਦਾ ਸਿਧਾਂਤ:

ਬੈੱਲਮੋਂਟ ਰਿਪੋਰਟ ਅਨੁਸਾਰ ਵਿਅਕਤੀਆਂ ਦਾ ਸਨਮਾਨ ਕਰਨਾ ਆਪਣੇ ਅੰਦਰ ਦੋ ਨੈਤਿਕ ਰਵਾਇਤਾਂ ਨੂੰ ਸੰਮਲਿਤ ਕਰਦਾ ਹੈ। ਪਹਿਲਾ ਇਹ ਹੈ ਕਿ ਵਿਅਕਤੀਆਂ ਨੂੰ ਖੁਦ ਮੁਖਤਾਰ ਕਰਤਾ ਦੇ ਤੌਰ ਤੇ ਲਿਆ ਜਾਣਾ ਚਾਹੀਦਾ ਹੈ ਜਿਵੇਂ ਜਰਮਨ ਦਾਰਸ਼ਨਿਕ ਕਾਂਤ ਮੰਨਦਾ ਹੈ ਕਿਉਂਕਿ ਮਨੁੱਖੀ ਜੀਵਾਂ ਪਾਸ ਵਿਵੇਕਸ਼ੀਲ ਕਾਰਜ ਕਰਨ ਦੀ ਯੋਗਤਾ ਹੁੰਦੀ ਹੈ। ਉਹ ਸੁਤੰਤਰ ਰੂਪ ਵਿੱਚ ਮੁੱਲ ਰੱਖਦੇ ਹਨ ਜੋ ਕਿਸੇ ਦੂਜੀ ਵਸਤੂ ਉਪਰ ਨਿਰਭਰ ਨਹੀਂ ਹੁੰਦਾ। ਇਸ ਲਈ

ਵਿਅਕਤੀਆਂ ਨੂੰ ਇਕ ਅਜਿਹੇ ਢੰਗ ਨਾਲ ਲਿਆ ਜਾਣਾ ਚਾਹੀਦਾ ਹੈ ਕਿ ਉਨ੍ਹਾ ਦੀ ਸੁਤੰਤਰ ਚੋਣ ਅਤੇ ਨਿਰਣਿਆਂ ਦਾ ਸਨਮਾਨ ਹੋ ਸਕੇ। ਖ਼ੁਦ ਮੁਖਤਿਆਰੀ ਦਾ ਅਰਥ ਹੈ, ਉਨ੍ਹਾਂ ਦੇ ਨਿਰਣਿਆਂ, ਉਨ੍ਹਾਂ ਦੀਆਂ ਰਾਵਾਂ, ਉਨ੍ਹਾਂ ਦੀਆਂ ਚੋਣਾਂ ਦਾ ਸਨਮਾਨ ਕਰਨਾ। ਜਿਨ੍ਹਾਂ ਵਿਅਕਤੀਆਂ ਦੀ ਖੁਦ ਮੁਖਤਿਆਰੀ ਖਤਮ ਕੀਤੀ ਜਾ ਰਹੀ ਹੋਵੇ ਉਹਨਾਂ ਦੀ ਜ਼ਰੂਰ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਅਜਿਹੇ-ਅਜਿਹੇ ਢੰਗਾਂ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ ਉਨ੍ਹਾਂ ਦੀ ਰੁੱਚੀ ਦਾ ਖਿਆਲ ਅਤੇ ਜੋ ਉਨ੍ਹਾਂ ਦੀ ਖੁਦ ਮੁਖਤਿਆਰੀ ਦੇ ਕਿਸੇ ਵੀ ਪੱਧਰ ਉਪਰ ਦਖ਼ਲ ਨਾ ਦੇਵੇ। ਮਨੁੱਖ ਦੇ ਜੀਵਨ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਮੌਤ ਦੇ ਤੱਥ ਨੂੰ ਵੀ ਸਵੀਕਾਰ ਕਰਨਾ ਚਾਹੀਦਾ ਹੈ। ਤਕਰੀਬਨ ਸਾਰੀਆਂ ਪ੍ਰਣਾਲੀਆਂ, ਸਾਰੇ ਹੀ ਧਰਮ ਕਿਸੇ ਨੂੰ ਮਾਰਨ ਦੀ ਮਨਾਹੀ ਕਰਦੇ ਹਨ, ਜਿਵੇਂ ਜਿਊਡੋ ਕ੍ਰਿਸਚਨ ਦੇ ਨੀਤੀ ਸ਼ਾਸ਼ਤਰ ਵਿਚ 'ਤੁਸੀਂ ਕਿਸੇ ਨਾ ਮਾਰੋ' (Thou shall not kill)।

**2.1.2.1.1 ਸੂਚਨਾ ਪੂਰਵ ਸਹਿਮਤੀ** : ਇਸ ਸਿਧਾਂਤ 'ਚੋਂ ਦੋ ਮਹੱਤਵਪੂਰਨ ਨੈਤਿਕ ਸਿਧਾਂਤ ਕੱਢੇ ਗਏ ਹਨ ਜੋ ਹਨ : ਸੂਚਨਾ ਪੂਰਵ ਸਹਿਮਤੀ (Informed consent) ਅਤੇ ਸੱਚਾਈ ਦੱਸਣੀ (Truth Telling) ਮਨੁੱਖ ਆਪਣੀ ਖੁਦ ਮੁਖਤਿਆਰੀ ਦਾ ਤੱਦ ਹੀ ਇਸਤੇਮਾਲ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਪਹਿਲਾਂ ਰਾਵਾਂ ਦੀ ਹੱਦ ਬਾਰੇ ਸੂਚਿਤ ਕੀਤਾ ਗਿਆ ਹੋਵੇ ਅਤੇ ਆਮ ਤੌਰ 'ਤੇ ਸੂਚਿਤ ਸਹਿਮਤੀ ਦੀ ਪ੍ਰਕਿਰਿਆ ਅੰਦਰ ਸੂਚਨਾ ਦੇ ਤੱਤ, ਵਿਸ਼ਾਲਤਾ ਅਤੇ ਸਵੈ-ਇੱਛਤਾ ਦੇ ਤੱਤ ਸ਼ਾਮਲ ਹੁੰਦੇ ਹਨ। ਇੰਜ ਇਕ ਵਿਅਕਤੀ ਆਪਣੀ ਸੂਚਿਤ ਸਹਿਮਤੀ ਪ੍ਰਗਟ ਕਰ ਸਕਦਾ ਹੈ ਅਤੇ ਆਪਣੀ ਇੱਛਾ ਅਨੁਸਾਰ ਸਹਿਮਤ ਹੋ ਸਕਦਾ ਹੈ। ਇਹ ਸਹਿਮਤੀ ਬਿਨਾਂ ਕਿਸੇ ਦੱਬ-ਦਬਾਅ ਤੋਂ ਹੁੰਦੀ ਹੈ ਇਕ ਨੈਤਿਕ ਆਦਰਸ਼ ਦੇ ਤੌਰ 'ਤੇ ਇਹ ਡਾਕਟਰ ਅਤੇ ਮਰੀਜ਼ ਦੀ ਸ਼ਕਤੀ ਵਿਚਕਾਰ ਸੰਤੁਲਨ ਕਰਨ ਦਾ ਕੰਮ ਕਰਦਾ ਹੈ।

**2.1.2.1.2 ਸੱਚਾਈ ਦੱਸਣਾ** : ਦੂਜਾ ਮਹੱਤਵਪੂਰਨ ਸਿਧਾਂਤ ਜੋ ਵਿਅਕਤੀ ਦੇ ਸਨਮਾਨ ਦੇ ਸਿਧਾਂਤ ਵਿੱਚੋਂ ਕੱਢਿਆ ਗਿਆ ਹੈ ਉਹ ਹੈ- ਸਚਾਈ ਦੱਸਣਾ। ਇਸ ਸਿਧਾਂਤ ਦਾ ਕਾਂਤ ਦੇ ਨੀਤੀ ਸ਼ਾਸਤਰ ਵਿਚ ਮਹੱਤਵਪੂਰਨ ਸਥਾਨ ਹੈ। ਹਮੇਸ਼ਾ ਹੀ ਸੱਚਾ ਰਹਿਣਾ (ਸਾਰੀਆਂ ਘੋਸ਼ਨਾਵਾਂ ਕਰਦੇ ਸਮੇਂ) ਇਹ ਇਕ ਪਵਿੱਤਰ ਅਤੇ ਤਰਕਾਂ ਦੀ ਬੇਸ਼ਰਤ ਕਮਾਂਡ ਹੁੰਦੀ ਹੈ ਜੋ ਕਿਸੇ ਹੋਰ ਆਸ ਦੁਆਰਾ ਸੀਮਤ ਨਹੀਂ ਹੁੰਦੀ। ਦੋ ਹੋਰ ਨਿਯਮ ਜੋ ਕੱਢੇ ਗਏ ਹਨ ਉਹ ਹਨ : ਭਰੋਸੇਯੋਗਤਾ ਅਤੇ ਪ੍ਰਾਈਵੇਸੀ।

**2.1.2.2 ਭਲਾਈ ਦਾ ਸਿਧਾਂਤ (Principle of Beneficance):**

ਜ਼ਿਆਦਾ ਡਾਕਟਰ ਭਲਾਈ ਨੂੰ ਯੂਨਾਨੀ ਸ਼ਬਦ 'bene' ਜਾਂ good ਤੋਂ ਨਿਕਲਿਆ ਮੰਨਦੇ ਹਨ ਜੋ ਇਕ ਬੁਨਿਆਦੀ ਨੈਤਿਕ ਸਿਧਾਂਤ ਹੈ। ਹਿਪੋਕ੍ਰੋਟਿਪਕ ਵਿਚ ਇਸਦਾ ਇਸਤੇਮਾਲ ਇਸ ਢੰਗ ਨਾਲ ਹੋਇਆ ਹੈ, "ਮੈਂ ਆਪਣੀ ਯੋਗਤਾ ਅਤੇ ਨਿਰਣੇ ਅਨੁਸਾਰ ਬੀਮਾਰ ਮਰੀਜ਼ ਦੀ ਭਲਾਈ ਲਈ ਠੀਕ ਕਰਨ ਦੇ ਢੰਗਾਂ ਦੀ ਵਰਤੋਂ ਕਰਾਂਗਾ, ਮੈਂ ਬੇਇਨਸਾਫੀ ਤੋਂ ਉਸਦੀ ਰੱਖਿਆ ਕਰਾਂਗਾ। ਸਾਰਿਆਂ ਜਾਣ ਬੁੱਝਕੇ ਬੇਇਨਸਾਫਾਂ ਤੋਂ ਸੁਤੰਤਰ ਹੋ ਕੇ ਮੈਂ ਬੀਮਾਰ ਨੂੰ ਆਰਾਮ ਅਤੇ ਫਾਇਦਾ ਪਹੁੰਚਾਵਾਂਗਾ। ਇਸ ਵਿਚਾਰ ਦਾ ਪ੍ਰਗਟਾਅ ਇਕ ਕਹਾਵਤ ਵਿਚ ਹੈ, "Primum non nocere" ਜਿਸਦਾ ਅਰਥ ਹੈ, ਪਹਿਲਾਂ ਕੋਈ ਨੁਕਸਾਨ ਨਾ ਕਰੋ। ਭਲਾਈ ਦੇ ਸਿਧਾਂਤ ਵਿਚ ਵਿਲੀਅਮ ਫਰੈਂਕਨਾ ਚਾਰ ਤੱਤ ਦੱਸਦਾ ਹੈ:

(ੳ) ਹਰੇਕ ਵਿਅਕਤੀ ਨੂੰ ਬੁਰਾਈ ਜਾਂ ਨੁਕਸਾਨ ਨਹੀਂ ਕਰਨਾ ਚਾਹੀਦਾ।

(ਅ) ਹਰੇਕ ਵਿਅਕਤੀ ਨੂੰ ਬੁਰਾਈ ਜਾਂ ਨੁਕਸਾਨ ਨੂੰ ਰੋਕਣਾ ਚਾਹੀਦਾ ਹੈ।

(ੲ) ਹਰੇਕ ਵਿਅਕਤੀ ਨੂੰ ਬੁਰਾਈ ਜਾਂ ਨੁਕਸਾਨ ਨੂੰ ਦੂਰ ਕਰਨਾ ਚਾਹੀਦਾ ਹੈ।

(ਸ) ਹਰੇਕ ਵਿਅਕਤੀ ਨੂੰ ਭਲਾ ਕਰਨਾ ਅਤੇ ਭਲੇ ਵਿਚ ਵਾਧਾ ਕਰਨਾ ਚਾਹੀਦਾ ਹੈ।

ਬੈੱਲਮੋਜਟ ਰਿਪੋਰਟ ਵਿਚ ਭਲਾਈ ਨੂੰ ਇਕ ਨੈਤਿਕ ਫਰਜ਼ ਦੇ ਤੌਰ 'ਤੇ ਦੱਸਿਆ ਗਿਆ ਹੈ ਭਾਵ ਪਹਿਲਾ, ਕਿਸੇ ਦਾ ਕੋਈ ਨੁਕਸਾਨ ਨਾ ਕਰੋ ਅਤੇ ਦੂਜਾ : ਭਲਾਈ ਵਿਚ ਸੰਭਵ ਵਾਧਾ ਅਤੇ ਦੁੱਖ ਵਿੱਚ ਸੰਭਵ ਘਾਟਾ ਕਰਨਾ ਚਾਹੀਦਾ ਹੈ। ਕਿਸੇ ਨੂੰ ਮਾਰਨ ਅਤੇ ਆਪਣੇ ਆਪ ਮਰਨ ਵਿਚਕਾਰ ਅੰਤਰ ਦਾ ਆਧਾਰ ਭਲਾਈ ਦਾ ਸਿਧਾਂਤ ਹੀ ਹੈ।

ਹਰਬਰਟ ਹੈੱਨਡਿਨ ਦਾ ਵਿਵੇਕੀ ਆਤਮ-ਹੱਤਿਆ ਅਤੇ ਰੋਬਰਟ ਨਿਵਿਲੇ (Neville) ਦਾ ਅਪਾਹਜਾਂ

(retarded) ਦਾ ਅਣ-ਇੱਛਤ ਟੀਕਾ-ਕਰਨੀ (sterialigation) ਦਾ defense ਹੈ।

**2.1.2.3 ਨਿਆਂ ਦਾ ਸਿਧਾਂਤ (Principle of Justice):**

ਤੀਜਾ ਨੈਤਿਕ ਸਿਧਾਂਤ ਜਿਸਨੂੰ ਜੈਵਿਕ-ਨੀਤੀ ਸ਼ਾਸ਼ਤਰ ਵਿਚ ਸਵੀਕ੍ਰਿਤੀ ਪ੍ਰਾਪਤ ਹੈ, ਉਸਦਾ ਅਰਥ ਹੈ ਕੀ ਉੱਚਿਤ ਹੈ ਜਾਂ ਕੀ ਕੁਝ ਇੱਛਤ ਕੀਤਾ ਜਾਂਦਾ ਹੈ। ਅਨਿਆਂ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਕਿਸੇ ਦੇ ਬਣਦੇ ਹੱਕ ਨੂੰ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ ਜਾਂ ਉਸ ਵਿਅਕਤੀ ਨੂੰ ਦੇ ਦਿੱਤਾ ਜਾਂਦਾ ਹੈ ਜਿਸਦਾ ਉਹ ਹੱਕਦਾਰ ਨਹੀਂ ਹੁੰਦਾ ਅਤੇ ਅਜਿਹਾ ਜਦੋਂ ਬਿਨਾਂ ਕਿਸੇ ਠੋਸ ਦਲੀਲ ਜਾਂ ਤਰਕ ਦੇ ਕੀਤਾ ਜਾਵੇ, ਦੂਜੇ ਅਰਥਾਂ ਵਿਚ ਇਹ ਸਿਧਾਂਤ ਕਹਿੰਦਾ ਹੈ ਕਿ ਸਮਾਨ ਲੋਕਾਂ ਨੂੰ ਸਮਾਨ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ। ਫਿਰ ਵੀ ਕੁਝ ਉਮਰ, ਅਨੁਭਵ, ਯੋਗਤਾ, ਭੌਤਿਕ ਹਾਲਤਾਂ ਦੇ ਕੁਝ ਅਜਿਹੇ ਅੰਤਰ ਹਨ ਜੋ ਅਸਮਾਨ ਵਿਵਹਾਰ ਦੀ ਪੁਸ਼ਟੀ ਕਰਦੇ ਹਨ। ਇਹ ਸਿਧਾਂਤ ਆਧੁਨਿਕ ਸਮੇਂ ਵਿਚ ਜੀਵ-ਨੀਤੀ ਸ਼ਾਸ਼ਤਰ ਦੇ ਖੇਤਰ ਵਿਚ "ਹੱਕਾਂ" ਉਪਰ ਜ਼ੋਰ ਦਿੰਦਾ ਹੈ। ਅਦਾਲਤਾਂ ਅਤੇ ਰਾਜਨੈਤਿਕ ਖੇਤਰ ਵਿਚ 1960 ਅਤੇ 1970 ਦੀ ਸਿਵਿਲ ਲਹਿਰ ਦੀ ਕਾਮਯਾਬੀਆਂ ਕਰਕੇ 'ਅਧਿਕਾਰ' ਦੀ ਗੱਲ ਕਰਨ ਨੂੰ ਸਮਝਣਾ ਆਸਾਨ ਹੋ ਗਿਆ ਹੈ।

ਇਸ ਸਿੱਧਾਂਤ ਦਾ ਅਰਥ ਹੈ ਕਿ ਵਿਅਕਤੀਆਂ ਨੂੰ ਦੂਜੇ ਵਿਅਕਤੀਆਂ ਨਾਲ ਉੱਚਿਤ ਢੰਗ ਨਾਲ ਅਤੇ ਨਿਆਂ-ਪੂਰਵਕ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ ਖਾਸ ਕਰਕੇ ਜਦੋਂ ਉਨ੍ਹਾਂ ਵਿਚਕਾਰ ਭਲਾਈ ਜਾਂ ਬੁਰਾਈ ਵੰਡਣੀ ਹੋਵੇ। ਨਿਆਂ ਨੂੰ ਤਿੰਨ ਢੰਗਾਂ ਨਾਲ ਲਿਆ ਜਾਂਦਾ ਹੈ ;

1. ਲੋਕਾਂ ਨੂੰ ਉਨ੍ਹਾਂ ਦੀ ਮੈਰਿਟ ਉਪਰ ਭਲਾਈ ਜਾਂ ਬੁਰਾਈ ਵੰਡਣੀ।
2. ਲੋਕਾਂ ਵਿਚਕਾਰ ਭਲਾਈ ਜਾਂ ਬੁਰਾਈ ਨੂੰ ਸਮਾਨ ਰੂਪ ਵੰਡਣਾ।
3. ਲੋਕਾਂ ਦੀਆਂ ਲੋੜਾਂ ਜਾਂ ਯੋਗਤਾਵਾਂ ਅਨੁਸਾਰ ਭਲਾਈ ਜਾਂ ਬੁਰਾਈ ਨੂੰ ਵੰਡਣਾ।

ਦੂਜਾ ਢੰਗ 'Equalitarian' ਦਾ ਹੈ ਜੋ ਸਭ ਤੋਂ ਵੱਧ ਸਹੀ ਹੈ। ਮਿਸਾਲ ਵਜੋਂ ਸੀਟਲ, ਵਸਿੰਗਟਨ ਵਿਚ swedish ਹਸਪਤਾਲ ਵਿਖੇ ਕਿਡਨੀ ਦੇ ਮਰੀਜ਼ਾਂ ਲਈ ਕੇਵਲ 10 ਹੀ ਮਸ਼ੀਨਾਂ ਸਨ। 17 ਵਿਚੋਂ 10 ਮਰੀਜ਼ਾਂ ਦੀ ਚੋਣ ਕਰਨੀ ਕਠਿਨ ਹੋ ਗਈ ਜਿਸਦਾ ਨਿਰਣਾ ਆਖਰਕਾਰ ਪਰਚੀਆਂ ਪਾ ਕੇ ਕੀਤਾ ਗਿਆ ਤਾਂ ਕਿ ਸਾਰਿਆਂ ਨਾਲ ਇਨਸਾਫ਼ ਹੋ ਸਕੇ। ਇਹ ਵਿਧੀ ਸਭ ਤੋਂ ਵੱਧ ਨੈਤਿਕ ਅਤੇ ਨਿਆਂਪੂਰਵਕ ਹੈ।

**2.1.2.4 ਵਿਅਕਤੀ ਦੀ ਸੁਤੰਤਰਤਾ ਦਾ ਸਿਧਾਂਤ (The Principle of Individual Freedom) :**

ਅਸਲ ਵਿੱਚ ਪਹਿਲੇ ਸਾਰੇ ਸਿਧਾਂਤ ਵਿਅਕਤੀ ਦੀ ਨੈਤਿਕ ਸੁਤੰਤਰਤਾ ਨੂੰ ਸੀਮਤ ਕਰਦੇ ਹਨ। ਲੋਕਾਂ ਨੂੰ ਆਪਣੀ ਬੁੱਧੀ ਅਤੇ ਜ਼ਮੀਰ ਅਨੁਸਾਰ ਇੱਛਾਵਾਂ, ਲੋੜਾਂ ਲਈ ਸੁਤੰਤਰਤਾ ਹੋਣੀ ਚਾਹੀਦੀ ਹੈ ਖ਼ਾਸ ਕਰਕੇ ਬਹੁਪੱਖੀ ਸਮਾਜ ਵਿਚ, ਪ੍ਰੰਤੂ ਕੋਈ ਵੀ ਸੁਤੰਤਰਤਾ ਨਿਰਪੇਖ ਨਹੀਂ ਹੋ ਸਕਦੀ। ਉਦਾਹਰਣ ਲਈ ਕੋਈ ਵਿਅਕਤੀ ਸਾਰੀਆਂ ਸੋਹਣੀਆਂ ਔਰਤਾਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦੇਵੇ। ਅਜਿਹਾ ਕਰਨ ਦੀ ਸੁਤੰਤਰਤਾ ਨਹੀਂ ਹੋਣੀ ਚਾਹੀਦੀ ਜਾਂ ਕਿਸੇ ਵੀ ਵਿਅਕਤੀ ਨੂੰ ਕਾਰ ਚੁਰਾਣ ਦੀ ਸੁਤੰਤਰਤਾ ਵੀ ਨਹੀਂ ਹੋਣੀ ਚਾਹੀਦੀ। ਇਸ ਸਿਧਾਂਤ ਅਨੁਸਾਰ ਸਾਨੂੰ ਦੂਜੇ ਵਿਅਕਤੀਆਂ ਨੂੰ ਆਪਣੇ ਸਮਾਨ ਸਮਝਣਾ ਚਾਹੀਦਾ ਹੈ ਭਾਵ ਜਿਵੇਂ ਤੁਸੀਂ ਆਪਣੇ ਆਪ ਨੂੰ ਲੈਂਦੇ ਹੋ, ਦੂਜਿਆਂ ਨੂੰ ਵੀ ਲਵੋ।

**ਆਪਣੇ ਗਿਆਨ ਦੀ ਪਰਖ ਕਰੋ :**

1. ਭਲਾਈ ਦੇ ਸਿਧਾਂਤ ਦੀ ਚਰਚਾ ਕਰੋ।

___________________________________________

___________________________________________

___________________________________________

2. ਨਿਆਂ ਦੇ ਸਿਧਾਂਤ ਦੀ ਚਰਚਾ ਕਰੋ।

___________________________________________

___________________________________________

______________________________________________________________

3. ਵਿਅਕਤੀ ਦੀ ਸੁਤੰਤਰਤਾ ਦੇ ਸਿਧਾਂਤ ਦੀ ਚਰਚਾ ਕਰੋ।

______________________________________________________________
______________________________________________________________
______________________________________________________________

**2.1.3** ਪ੍ਰਸ਼ਨ

1. ਜੈਵਿਕ ਨੀਤੀ ਸ਼ਾਸਤਰ ਦੇ ਬੁਨਿਆਦੀ ਸਿਧਾਂਤਾਂ ਦੀ ਚਰਚਾ ਕਰੋ।
2. ਵਿਅਕਤੀ ਦੀ ਸੁਤੰਤਰਤਾ ਸਿਧਾਂਤ ਤੋਂ ਤੁਹਾਡਾ ਕੀ ਭਾਵ ਹੈ। ਚਰਚਾ ਕਰੋ।

ਛੋਟੇ ਪ੍ਰਸ਼ਨ

1. ਜੈਵਿਕ ਨੀਤੀ ਸ਼ਾਸਤਰ
2. ਸਚਾਈ ਦੱਸਣਾ
3. ਸੂਚਨਾਪੂਰਵ-ਸਹਿਮਤੀ
4. ਨਿਆਂ ਦਾ ਸਿਧਾਂਤ

ਪਾਠ ਨੰ : **2.2** ਲੇਖਕ : ਡਾ. ਜੀ.ਐਸ. ਸੰਧੂ

## ਸੁੱਖੀ ਮੌਤ, ਮੌਤ ਅਤੇ ਮਾਨਵੀ ਪ੍ਰਯੋਗ

ਬਣਤਰ

2.2.0 ਉਦੇਸ਼
2.2.1 Euthanasia ਦਾ ਸ਼ਾਬਦਿਕ ਅਰਥ
2.2.2 ਸੁੱਖੀ ਮੌਤ ਦਾ ਇਤਿਹਾਸ
2.2.3 ਖੁਦਮੁਖਤਾਰੀ ਪ੍ਰਤੀ ਸਾਮਾਨ ਦਾ ਨੈਤਿਕ ਸਿਧਾਂਤ
2.2.4 ਮਾਨਵੀ ਪ੍ਰਯੋਗ
2.2.5 ਆਪਣਾ ਖੂਨ ਕਿਸੇ ਦੂਜੇ ਵਿਅਕਤੀ ਨੂੰ ਦੇਣਾ
2.2.6 ਮਰੇ ਹੋਏ ਇਨਸਾਨ 'ਚੋਂ ਅੰਗਾਂ ਨੂੰ ਕੱਢਿਆ ਜਾਣਾ
2.2.7 ਬੈਲਮੌਂਟ ਰਿਪੋਟ
2.2.8 ਮਹੱਤਵਪੂਰਨ ਸ਼ਬਦ
2.2.9 ਮਹੱਤਵਪੂਰਨ ਪ੍ਰਸ਼ਨ

**2.2.0 ਉਦੇਸ਼ :**

ਸੁੱਖੀ ਮੌਤ ਬਾਰੇ ਵਾਦ-ਵਿਵਾਦ ਅੱਜ-ਕੱਲ੍ਹ ਕਾਫੀ ਚਲ ਰਿਹਾ ਹੈ। ਭਾਵੇਂ ਹਾਲੈਂਡ ਅਤੇ ਬੈਲਜੀਅਮ ਵਿਚ ਸੁੱਖੀ ਮੌਤ ਸੰਭਵ ਹੈ ਪਰ ਧਰਮ ਮੀਮਾਂਨਸੀ ਇਸ ਦੀ ਵਿਰੋਧਤਾ ਕਰਦੇ ਆ ਰਹੇ ਹਨ। ਸੁੱਖੀ ਮੌਤ ਭਾਵ ਲਾ-ਇਲਾਜ਼ ਮਰੀਜ਼ ਦੇ ਜੀਵਨ ਨੂੰ ਖ਼ਤਮ ਕਰਨਾ ਨੈਤਿਕ ਹੋਵੇਗਾ ਕਿ ਇਸ ਲਈ ਕ੍ਰਿਆਸ਼ੀਲ ਵਿਧੀ ਠੀਕ ਹੈ ਜਾਂ ਨਿਸ਼ਕਿਰਿਆਸ਼ੀਲ ਮਨੁੱਖੀ ਪ੍ਰਯੋਗ, ਆਪਣਾ ਖੂਨ ਕਿਸੇ ਦੂਜੇ ਵਿਅਕਤੀ ਨੂੰ ਦੇਣਾ, ਮਰੇ ਹੋਏ ਇਨਸਾਨ ਵਿੱਚੋਂ ਅੰਗਾਂ ਨੂੰ ਕਢਿਆ ਜਾਣਾ ਨੈਤਿਕ ਹੈ ਜਾਂ ਅਨੈਤਿਕ ਇਸ ਬਾਰੇ ਵੀ ਵਾਦ-ਵਿਵਾਦ ਚਲ ਰਿਹਾ ਹੈ।

**2.2.1 Euthanasia ਦਾ ਸਾਬਦਿਕ ਅਰਥ :**

ਅੰਗਰੇਜ਼ੀ ਦਾ ਸ਼ਬਦ 'Euthanasia' ਦੋ ਸ਼ਬਦਾਂ ਤੋਂ ਮਿਲਕੇ ਬਣਿਆ 'Eu' ਜਿਸਦਾ ਅਰਥ ਹੈ ਸੁੱਖ ਨਾਲ ਅਤੇ 'Thantos' ਜਿਸਦਾ ਅਰਥ ਹੈ ਮੌਤ ਇਸ ਤਰ੍ਹਾਂ 'Euthanasia' ਦਾ ਸਪਸ਼ਟ ਅਰਥ ਸੁੱਖ ਦੀ ਮੌਤ ਜਾਂ ਦਇਆ ਮੌਤ ਹੈ ਪਰ ਚਿਕਿਤਸਾ ਦੀ ਭਾਸ਼ਾ ਵਿਚ ਇਸਦਾ ਅਰਥ ਰੋਗ ਨਾਲ ਗ੍ਰਸਤ ਲਾ-ਇਲਾਜ ਰੋਗੀ ਦੀ ਆਪਣੀ ਮਰਜ਼ੀ ਨਾਲ ਮੌਤ ਮੰਨਿਆ ਜਾਂਦਾ ਹੈ। ਇਸਨੂੰ ਦਇਆਪੂਰਨ ਹੱਤਿਆ ਜਾਂ ਮੌਤ ਵੀ ਕਹਿੰਦੇ ਹਨ। ਇਸ ਦਇਆ ਮੌਤ ਦੀ ਪਰਿਭਾਸ਼ਾ ਵਿਚ ਲਾ-ਇਲਾਜ ਰੋਗੀ ਦਾ ਇਲਾਜ ਬੰਦ ਕਰਕੇ ਹੌਲੀ ਹੌਲੀ ਆਪਣੀ ਸਹਿਜ ਮੌਤ ਮਰਨ ਦੇਣਾ ਵੀ ਸ਼ਾਮਲ ਹੈ ਅਤੇ ਇਸਦੇ ਉਲਟ ਕਈ ਵਾਰ ਅਜਿਹੇ ਰੋਗੀ ਨੂੰ ਜ਼ਹਿਰੀਲੀ ਖੁਰਾਕ ਦੇ ਕੇ ਸਹਿਜ ਮੌਤ ਤੋਂ ਪਹਿਲਾਂ ਹੀ ਮਾਰ ਦੇਣਾ ਵੀ ਸ਼ਾਮਿਲ ਹੈ। ਇਸ ਮੌਤ ਦੇ ਪਿਛੇ ਦੋ ਪ੍ਰੇਰਕ ਮੌਜੂਦ ਹੁੰਦੇ ਹਨ - ਪਹਿਲਾ ਇਹ ਕਿ ਇਹ ਮੌਤ ਰੋਗੀ ਆਪਣੇ ਭਲੇ ਲਈ ਚਾਹੁੰਦਾ ਹੈ ਅਤੇ ਦੂਜਾ ਇਹ ਕਿ ਇਸ ਤੋਂ ਇਲਾਵਾ ਹੋਰ ਕੋਈ ਦੂਜਾ ਰਾਹ ਨਹੀਂ ਹੈ। ਇੰਜ ਇਹ ਕਾਰਜ ਦਇਆਪੂਰਨ ਅਤੇ ਪਰਉਪਯੋਗੀ ਹੈ। ਅਜੋਕੇ ਯੁੱਗ ਵਿੱਚ ਕੁਝ ਮਾਰੂ ਰੋਗ ਪ੍ਰਗਟ ਹੋ ਚੁੱਕੇ ਹਨ ਜਿਹਨਾਂ ਦੇ ਕਾਰਨ ਅਖੀਰ ਵਿਚ ਮੌਤ ਨਿਸ਼ਚਿਤ ਤੇ ਜ਼ਰੂਰੀ ਹੋ ਜਾਂਦੀ ਹੈ। ਇਹਨਾਂ ਰੋਗਾਂ ਨਾਲ ਗ੍ਰਸਤ ਮਰੀਜ਼ ਘੁੱਟ ਘੁੱਟ ਕੇ ਮਰਦੇ ਹਨ। ਉਹਨਾਂ ਦੇ ਅਤਿਅੰਤ ਦੁੱਖਾਂ ਦਾ ਖਾਤਮਾ ਕੇਵਲ ਮੌਤ ਹੀ ਕਰ ਸਕਦੀ ਹੈ। ਡਾਕਟਰ ਆਪਣੀ ਯੋਗਤਾ ਅਤੇ ਆਧੁਨਿਕ ਜੰਤਰਾਂ ਨਾਲ ਇਹਨਾਂ ਦੀ ਮੌਤ ਨੂੰ ਕੇਵਲ ਕੁਝ ਸਮੇਂ ਹੀ ਟਾਲ ਸਕਦੇ ਹਨ ਪਰ ਮੌਤ ਨੂੰ ਰੋਕ ਨਹੀਂ ਸਕਦੇ, ਮੌਤ ਅਟੱਲ ਹੈ। ਜੇਕਰ ਅਜਿਹੇ ਰੋਗੀਆਂ ਉਪਰ ਸੁਖੀ ਜਾਂ ਦਇਆ ਮੌਤ ਦਾ ਪ੍ਰਯੋਗ ਕੀਤਾ ਜਾਵੇ ਤਾਂ ਕੁਝ ਲੋਕ ਇਸਨੂੰ ਉੱਚਿਤ ਮੰਨਦੇ ਹਨ। ਮਿਸਾਲ ਵਜੋਂ ਇਕ ਅੰਗਹੀਣ

ਜਨਮੇ ਬੱਚੇ ਨੂੰ 16 ਦਿਨਾਂ ਲਈ ਭੁੱਖਾ ਰੱਖਕੇ ਮਾਰ ਦਿੱਤਾ ਗਿਆ ਕਿਉਂਕਿ ਉਸਦੇ ਮਾਪੇ ਅਜਿਹਾ ਹੀ ਚਾਹੁੰਦੇ ਸਨ। ਏਦਾਂ ਹੀ ਅਜਿਹਾ ਬੱਚਾ ਜਿਸਦੇ ਜਨਮ ਸਮੇਂ ਹੱਥ ਪੈਰ ਨਾ ਹੋਣ ਜਾਂ ਲੀਵਰ ਅਤੇ ਦਿਲ ਹੀ ਨਾ ਹੋਵੇ, ਜ਼ਿੰਦਾ ਰਹਿਕੇ ਕੀ ਕਰੇਗਾ। ਵੈਸੇ ਵੀ ਉਸਦਾ ਜੀਵਨ ਕੁਝ ਸਮੇਂ ਲਈ ਹੀ ਹੁੰਦਾ ਹੈ।

### 2.2.2 ਸੁੱਖੀ ਮੌਤ ਦ ਇਤਿਹਾਸ

ਸੁਖੀ ਮੌਤ ਵਿਰੁੱਧ ਸਮੇਂ-ਸਮੇਂ ਤੇ ਲੋਕਾਂ ਨੇ ਅਵਾਜ਼ ਉਠਾਈ। ਉਹਨਾਂ ਦਾ ਕਹਿਣਾ ਹੈ ਕਿ ਜੀਵਨ ਨੂੰ ਖਤਮ ਕਰਨਾ ਹੱਤਿਆ ਹੈ ਭਾਵੇਂ ਇਹ ਕਿਸੇ ਵੀ ਪਰਿਸਥਿਤੀ ਵਿਚ ਕਿਉਂ ਨਾ ਹੋਵੇ। ਜੀਵਨ ਆਖਰ ਜੀਵਨ ਹੈ ਭਾਵੇਂ ਸਰੀਰ ਕਿੰਨਾ ਵੀ ਵਿਕ੍ਰਿਤ ਕਿਉਂ ਨਾ ਹੋਵੇ। ਕਿਸੇ ਰੋਗੀ ਦੇ ਜੀਵਨ ਨੂੰ ਖਤਮ ਕਰਨ ਦਾ ਅਧਿਕਾਰ ਡਾਕਟਰ ਜਾਂ ਮਾਤਾ ਪਿਤਾ ਪਾਸ ਕਿਵੇਂ ਆਇਆ। ਉਹ ਉਸਦੇ ਜੀਵਨ ਨੂੰ ਖਤਮ ਕਰਨ ਦਾ ਨਿਰਣਾ ਲੈਣ ਵਾਲੇ ਕੌਣ ਹੁੰਦੇ ਹਨ। ਇਸਤੋਂ ਇਲਾਵਾ ਇਕ ਵਿਕਲਾਂਗ ਬੱਚਾ ਸੁੰਦਰਾ ਡਾਇਮੰਡ 35 ਸਾਲ ਜ਼ਿੰਦਾ ਰਹਿਣ ਮਗਰੋਂ ਇਕ ਡਾਕਟਰ ਮਨੋਵਿਗਿਆਨੀ ਬਣਿਆ ਜਦੋਂ ਉਸਦੇ ਮਾਤਾ ਪਿਤਾ ਉਸਦੇ ਜੀਵਨ ਨੂੰ ਸਾਰਥਕ ਨਹੀਂ ਸਨ ਮੰਨਦੇ।

ਬਹੁਤ ਸਾਰੇ ਪੱਛਮੀ ਦੇਸ਼ਾਂ ਵਿਚ ਦਇਆ ਮੌਤ ਦਾ ਵਿਸ਼ਾ ਸੰਵੇਦਨਸ਼ੀਲ ਹੈ। ਇਹ ਉਹੀ ਮਸਲਾ ਹੈ ਜੋ ਮਜ਼ਬੂਤ ਨੈਤਿਕ ਧਾਰਨਾਵਾਂ ਨਾਲ ਜੁੜਿਆ ਆ ਰਿਹਾ ਹੈ। ਹਾਲੈਂਡ ਵਿਚ ਇਹ ਵਿਸ਼ਾ ਤਕਰੀਬਨ ਤੀਹ ਸਾਲ ਵਾਦ ਵਿਵਾਦ ਦਾ ਅਤੇ ਵਿਵਹਾਰਕ ਅਨੁਭਵ ਦਾ ਕੇਂਦਰ ਬਿੰਦੂ ਰਿਹਾ ਹੈ ਪਰੰਤੂ ਇਸਦਾ ਅਰਥ ਇਹ ਨਹੀਂ ਕਿ ਇਹ ਹੁਣ ਇਕ ਸਥਾਪਿਤ ਜਾਂ ਆਮ ਅਭਿਆਸ ਬਣ ਚੁੱਕਾ ਹੈ। ਨਵੰਬਰ, 2000 ਵਿਚ ਹਾਲੈਂਡ ਪਾਰਲੀਮੈਂਟ ਦੇ ਹੇਠਲੇ ਸਦਨ ਨੇ ਇਕ ਨਵਾਂ ਕਾਨੂੰਨ ਸਵੀਕਾਰ ਕੀਤਾ ਜਿਸ ਰਾਹੀਂ ਦਇਆ ਮੌਤ ਨੂੰ ਕਾਨੂੰਨੀ ਰੁੱਤਬਾ ਸੌਂਪਿਆ ਪਰੰਤੂ ਕੁਝ ਵਿਸ਼ੇਸ਼ ਹਾਲਤਾਂ ਨੂੰ ਧਿਆਨ ਵਿਚ ਰੱਖਦੇ ਹੋਏ। ਫਿਰ ਵੀ ਇਹ ਨਿਸ਼ਚਿਤ ਹੈ ਕਿ ਦਇਆ-ਮੌਤ ਇਕ ਸੰਭਾਵੀ ਅਤੇ ਵਿਵਾਦਪੂਰਨ ਵਿਸ਼ਾ ਬਣਿਆ ਰਹੇਗਾ ਇਥੋਂ ਤਕ ਕਿ ਜਿਸ ਸਮੇਂ ਪਾਰਲੀਮੈਂਟ ਵਿਚ ਇਸ ਨਵੇਂ ਬਿੱਲ ਉਪਰ ਚਰਚਾ ਚੱਲ ਰਹੀ ਸੀ, ਇਕ ਨਵੇਂ ਕਚਹਿਰੀ ਦੇ ਮੁਕੱਦਮੇ ਨੇ ਘਬਰਾਹਟ ਪੈਦਾ ਕਰ ਦਿਤੀ ਜਿਸ ਰਾਹੀਂ ਜੀਵਨ ਤੋਂ ਤੰਗ ਅਤੇ ਥੱਕੇ ਹਾਰੇ ਵਿਅਕਤੀ ਨੂੰ ਅਸਹਿਣਯੋਗ ਦੁੱਖ ਤੋਂ ਛੁਟਕਾਰਾ ਦੇਣ ਨੂੰ ਸਵੀਕਾਰ ਕਰ ਲਿਆ ਗਿਆ। ਉਸ ਸਮੇਂ ਇਕ ਡਾਕਟਰ ਉਪਰ ਇਸ ਕਰਕੇ ਮੁਕੱਦਮਾ ਚੱਲ ਰਿਹਾ ਸੀ ਕਿਉਂਕਿ ਉਸਨੇ ਕਿਸੇ ਦੀ ਬੇਨਤੀ ਉਪਰ ਰਹਿਮ ਖਾਕੇ ਕਿਸੇ ਨਰਸਿੰਗ ਹੋਮ ਵਿਚ ਮਰੀਜ਼ ਦਾ ਜੀਵਨ ਖਤਮ ਕਰ ਦਿੱਤਾ ਸੀ। ਇਸ ਲਈ ਦਇਆ ਮੌਤ ਦੇ ਸੰਬੰਧ ਵਿੱਚ ਹਾਲਤ ਬੜੇ ਪੇਚੀਦਾ ਹੈ।

1969 ਵਿਚ ਮਨੋ-ਚਕਿਤਸਾ ਵਿਗਿਆਨ ਦੇ ਪ੍ਰੋਫੈਸਰ ਜੇ.ਐਚ. ਵਾਨ ਡੇਨ ਬਰਗ ਨੇ ਆਪਣੇ ਪ੍ਰਕਾਸ਼ਨ "ਮੈਡੀਕਲ ਪਾਵਰ ਐਂਡ ਮੈਡੀਕਲ ਐਥਿਕਸ" ਰਾਹੀਂ ਦਇਆ-ਮੌਤ ਉਪਰ ਬਹਿਸ ਸ਼ੁਰੂ ਕੀਤੀ ਸੀ। ਦਰਅਸਲ ਵਿਗਿਆਨ ਬਹੁਤ ਅੱਗੇ ਲੰਘ ਚੁੱਕੀ ਹੈ ਅਤੇ ਇਹ ਮਰੀਜ਼ਾਂ ਨੂੰ ਜ਼ੁਲਮ ਦੀ ਹੱਦ ਤਕ ਲੈ ਜਾਂਦੀ ਹੈ। ਪ੍ਰਚੱਲਤ ਡਾਕਟਰੀ ਸ਼ਕਤੀ ਵਿਅਕਤੀ ਦੇ ਜੀਵਨ ਨੂੰ ਅਰਥਹੀਣ ਬਣਾਉਣ ਲਈ ਤੁਲੀ ਹੋਈ ਹੈ। ਨਮੂਨੇ ਦੇ ਕੇਸ ਦੀਆਂ ਵਿਸ਼ੇਸ਼ਤਾਵਾਂ ਨੂੰ ਦਇਆ ਮੌਤ ਬਾਰੇ ਹਾਲੈਂਡ ਦੀ ਆਦਰਸ਼ਕ ਪਰਿਭਾਸ਼ਾ ਵਿਚ ਸੰਮਿਲਿਤ ਕੀਤਾ ਗਿਆ ਹੈ। ਪਰਿਭਾਸ਼ਾ ਮਰੀਜ਼ ਦੁਆਰਾ ਦਇਆ ਮੌਤ ਬਾਰੇ ਬੇਨਤੀ ਉਪਰੰਤ ਡਾਕਟਰ ਦੁਆਰਾ ਮਰੀਜ਼ ਦੀ ਜ਼ਿੰਦਗੀ ਨੂੰ ਜਾਣ ਬੁਝਕੇ ਖਤਮ ਕਰਨ ਉਪਰ ਜ਼ੋਰ ਦਿੰਦੀ ਹੈ। "ਨਿਸ਼ਕ੍ਰਿਆਸ਼ੀਲ ਦਇਆ ਮੌਤ" ਨੂੰ ਇਸਦੇ ਪ੍ਰਗਟਾਅ ਦੇ ਤੌਰ ਤੇ ਹੁਣ ਪ੍ਰਯੋਗ ਨਹੀਂ ਕੀਤਾ ਜਾਂਦਾ ਕਿਉਂਕਿ ਇਸਨੂੰ ਦਇਆ ਮੌਤ ਹੀ ਨਹੀਂ ਮੰਨਿਆ ਜਾਂਦਾ। ਜੋ ਲੋੜੀਂਦਾ ਹੈ ਉਹ ਹੈ ਜੀਵਨ ਖਤਮ ਕਰਨ ਲਈ ਇਰਾਦਾ। ਵਿਅਕਤੀ ਦੇ ਖੁਦਮੁਖਤਾਰ ਹੋਣ ਦੇ ਸਿਧਾਂਤ ਪ੍ਰਤੀ ਸਨਮਾਨ ਹੀ ਡਾਕਟਰੀ ਸ਼ਕਤੀ ਵਿਰੁੱਧ ਪਾਸੰਗ (ਧੜਾ) ਬਣ ਸਕਦਾ ਹੈ।

### 2.2.3 ਖੁਦਮੁਖਤਾਰੀ ਪ੍ਰਤੀ ਸਾਮਾਨ ਦਾ ਨੈਤਿਕ ਸਿਧਾਂਤ

ਖੁਦਮੁਖਤਾਰੀ ਪ੍ਰਤੀ ਸਨਮਾਨ ਦਾ ਨੈਤਿਕ ਸਿਧਾਂਤ ਜੋ ਦਇਆ ਮੌਤ ਦੀ ਸਿਧਾਂਤਕ ਪੁਸ਼ਟੀ ਹੈ, ਦਇਆ ਮੌਤ ਦੇ ਅਭਿਆਸ ਵਿਚ ਅਨਿਸ਼ਚਿਤ ਹੈ। ਖੋਜ ਸਮੱਗਰੀ ਦਰਸਾਉਂਦੀ ਹੈ ਕਿ 1995 ਵਿਚ 57000 ਮਾਮਲਿਆਂ ਵਿਚ ਜੀਵਨ ਦੇ ਖਾਤਮੇ ਲਈ ਡਾਕਟਰੀ ਫੈਸਲੇ ਲਏ ਗਏ ਜਿਹਨਾਂ ਵਿਚੋਂ 13500 ਮਰੀਜ਼ ਉਸ ਸਾਲ ਹਾਲੈਂਡ ਵਿਚ ਮਰ ਰਹੇ ਸਨ। ਮਰੀਜ਼ਾਂ ਨੂੰ ਮੌਤ ਬਾਰੇ ਪ੍ਰਭਾਵਿਤ ਡਾਕਟਰੀ ਨਿਰਣਿਆਂ ਦਾ ਵਰਗੀਕਰਨ ਇੰਜ ਕੀਤਾ ਗਿਆ ਹੈ :

1. ਡਾਕਟਰੀ ਇਲਾਜ ਬੰਦ ਕੀਤਾ ਗਿਆ (27100 ਮਾਮਲੇ)
2. ਦੁੱਖ ਭਰੀ ਦਵਾਈ ਦੀ ਵਰਤੋਂ (25750 ਮਾਮਲੇ)
3. ਜੀਵਨ ਦਾ ਕਿਰਿਆਸ਼ੀਲ ਅੰਤ (ਖਾਤਮਾ)

ਆਖੀਰਲੀ ਪ੍ਰਵਰਗ ਵਿਚ ਸਹਾਇਤਾ ਦੁਆਰਾ ਆਤਮ-ਹੱਤਿਆ ਦੇ ਮਾਮਲੇ ਵੀ ਸ਼ਾਮਲ ਹਨ (400 ਮਾਮਲੇ), ਮਰੀਜ਼ ਦੁਆਰਾ ਬੇਨਤੀ ਕਰਨ ਉਪਰ ਜੀਵਨ ਦੇ ਖਾਤਮੇ ਦੇ ਮਾਮਲੇ (ਦਇਆ ਮੌਤ, 3200 ਮਾਮਲੇ) ਹਨ ਅਤੇ ਮਰੀਜ਼ਾਂ ਦੀ ਬੇਨਤੀ ਦੇ ਬਗੈਰ ਉਹਨਾਂ ਦੇ ਜੀਵਨ ਦੇ ਕਿਰਿਆਸ਼ੀਲ ਖਾਤਮੇ ਵਿਚਕਾਰ ਅੰਤਰ ਕੀਤਾ ਗਿਆ ਹੈ। ਪਹਿਲੀ ਬੇਨਤੀ ਉਹ ਹੈ ਜੋ ਆਮ ਸਮੇਂ ਦੌਰਾਨ ਕੀਤੀ ਜਾਵੇ। ਮਿਸਾਲ ਵਜੋਂ ਜਦੋਂ ਪਹਿਲਾਂ ਮਰੀਜ਼ ਦੇ ਚੈਕ-ਅੱਪ ਦੌਰਾਨ ਕੈਂਸਰ ਲੱਭਿਆ ਗਿਆ ਹੋਵੇ ਤਦ ਅਜਿਹੇ ਮਰੀਜ਼ ਦਇਆ ਮੌਤ ਬਾਰੇ ਡਾਕਟਰ ਪਾਸੋਂ ਇਸਦੀ ਸਥਿਤੀ ਜਾਣਨਾ ਚਾਹੁਣਗੇ। 1990 ਦੌਰਾਨ 25100 ਮਰੀਜ਼ ਦੇ ਮੁਕਾਬਲੇ 1995 ਵਿੱਚ 34000 ਹਜ਼ਾਰ ਤੋਂ ਵੱਧ ਮਰੀਜ਼ਾਂ ਨੇ ਇਸ ਕਿਸਮ ਦੀ ਬੇਨਤੀ ਕੀਤੀ ਸੀ। ਦੂਜੀ ਕਿਸਮ ਦੀ ਬੇਨਤੀ ਖਾਸ ਕਿਸਮ ਦੀ ਬੇਨਤੀ ਹੈ ਏਥੇ ਮਰੀਜ਼ ਉਸ ਹਾਲਤ ਵਿਚ ਪਹੁੰਚ ਚੁੱਕਾ ਹੁੰਦਾ ਜਿਥੇ ਉਸਦੀ ਮੌਤ ਅਟੱਲ ਹੈ। 1990 ਵਿਚ 8900 ਮਰੀਜ਼ ਦੀ ਬੇਨਤੀ ਦੇ ਮੁਕਾਬਲੇ 1995 ਵਿਚ 9700 ਮਰੀਜ਼ਾਂ ਨੇ ਇਸ ਕਿਸਮ ਦੀ ਬੇਨਤੀ ਕੀਤੀ। ਕਈ ਮਰੀਜ਼ਾਂ ਨੇ ਤਾ ਮੌਤ ਦੇ ਮੂੰਹ ਵੇਲੇ ਆਪਣੇ ਜੀਵਨ ਦੇ ਖਾਤਮੇ ਲਈ ਬੇਨਤੀਆਂ ਕੀਤੀਆਂ। ਪੰਜਾਂ ਸਾਲਾਂ ਦੇ ਸਮੇਂ ਦੇ ਵਕਫੇ ਵਿਚ ਦਇਆ ਮੌਤ ਲਈ ਬੇਨਤੀਆਂ ਵਿਚ ਕਾਫੀ ਸਾਰਾ ਵਾਧਾ ਹੋਇਆ ਅਤੇ ਅਜਿਹਾ ਵਾਧਾ ਵਾਸਤਵਿਕ ਦਇਆ ਮੌਤਾਂ ਦੇ ਮਾਮਲਿਆਂ ਵਿਚ ਵੀ ਹੋਇਆ ਹੈ। ਮਿਸਾਲ ਵਜੋਂ ਜਿਥੇ 1990 ਵਿਚ 2300 ਦਇਆ ਮੌਤਾਂ ਹੋਈਆਂ ਸਨ, ਉਥੇ 1995 ਵਿਚ 3200 ਅਜਿਹੀਆਂ ਦਇਆ ਮੌਤਾਂ ਹੋਈਆਂ ਸਨ।

ਇਸ ਸਮਗਰੀ ਵਿਚੋਂ ਦੋ ਸਿੱਟੇ ਕੱਢੇ ਜਾ ਸਕਦੇ ਹਨ : ਪਹਿਲਾ, ਦਇਆ ਮੌਤ ਸਬੰਧੀ ਬੇਨਤੀਆਂ ਦੀ ਘੱਟ ਗਿਣਤੀ ਭਾਵ ਇਕ ਤਿਹਾਈ ਮਰੀਜ਼ਾਂ ਨੂੰ ਹੀ ਦਇਆ ਮੌਤ ਨਸੀਬ ਹੋਈ। ਦੂਜਾ, ਮਰੀਜ਼ਾਂ ਦੀ ਬੇਨਤੀ ਦੇ ਬਗੈਰ ਹੀ ਡਾਕਟਰ ਉਹਨਾਂ ਦੇ ਜੀਵਨ ਨੂੰ ਖਤਮ ਕਰ ਰਹੇ ਹਨ। ਸਾਰੇ ਮਾਮਲਿਆਂ ਦਾ ਲਗਭਗ 20% ਦਇਆ ਮੌਤ ਦੀ ਆਦਰਸ਼ਕ ਪਰਿਭਾਸ਼ਾ ਨੂੰ ਪੂਰੀ ਨਹੀਂ ਕਰਦੇ।

ਇਹ ਸਿੱਟੇ ਮਰੀਜ਼ ਦੀ ਖੁਦਮਖਤਾਰੀ ਪ੍ਰਤੀ ਸਨਮਾਨ ਬਾਰੇ ਸੰਦੇਹ ਪੈਦਾ ਕਰਦੇ ਹਨ। ਦੂਜੇ ਪਾਸੇ ਡਾਕਟਰਾਂ ਲਈ ਜੋ ਸਭ ਤੋਂ ਮਹੱਤਵਪੂਰਨ ਹੈ ਅਤੇ ਜੋ ਦਇਆ ਮੌਤ ਲਈ ਨੈਤਿਕ ਪੁਸ਼ਟੀ ਬਣਦੀ ਹੈ, ਉਹ ਹੈ ਮਰੀਜ਼ ਨੂੰ ਦੁੱਖ ਤੋਂ ਛੁਟਕਾਰਾ ਦਿਵਾਉਣਾ। ਜੇ ਡਾਕਟਰ ਦੇ ਨਿਰਣੇ ਅਨੁਸਾਰ ਦੁੱਖ ਅਸਹਿਣਯੋਗ ਅਤੇ ਬੇਇਲਾਜ ਹੈ ਤਾਂ ਦਇਆ ਮੌਤ ਉੱਚਿਤ ਹੈ, ਇਸ ਬਾਰੇ ਮਰੀਜ਼ ਚਾਹੇ ਬੇਨਤੀ ਕਰਨ ਜਾਂ ਨਾ ਕਰਨ। ਜਦੋਂ ਡਾਕਟਰ ਇਹ ਅੰਦਾਜ਼ਾ ਲਗਾਉਂਦਾ ਹੈ ਕਿ ਮਰੀਜ਼ ਦਾ ਦੁੱਖ ਏਨਾ ਭਿਆਨਕ ਹੈ ਕਿ ਮੌਤ ਨਾਲੋਂ ਵੀ ਜ਼ਿਆਦਾ ਭਿਅੰਕਰ, ਤਾਂ ਜ਼ਰੂਰ ਹੀ ਮਰੀਜ਼ ਉਪਰ ਰਹਿਮ ਖਾਕੇ ਉਸਨੂੰ ਦਾਇਆ ਮੌਤ ਬਖਸ਼ ਦੇਣੀ ਚਾਹੀਦੀ ਹੈ। ਕਈ ਹੋਰ ਮਾਮਲਿਆਂ ਵਿਚ ਜਿਵੇਂ ਬਿਰਧ ਉਮਰ ਵਿਚ, ਪਾਗਲਪਣ ਜਾਂ ਨਵੇਂ ਜੰਮੇ ਅਪਾਹਜ ਬੱਚੇ ਜਾਂ ਮਨੋ-ਚਕਿਤਸਕ ਮਰੀਜ਼ ਜੋ ਚੰਗੀ ਤਰ੍ਹਾਂ ਦਇਆ ਮੌਤ ਬਾਰੇ ਆਪਣੀ ਬੇਨਤੀ ਵੀ ਨਹੀਂ ਕਰ ਸਕਦੇ, ਤਦ ਡਾਕਟਰ ਇਹ ਮੰਨ ਕੇ ਕਿ ਮਰੀਜ਼ ਦਇਆ ਮੌਤ ਚਾਹੁੰਦਾ ਹੈ, ਕੁਝ ਖਾਸ ਹਾਲਤਾਂ ਅਧੀਨ ਦਇਆ ਮੌਤ ਦਿਤੀ ਜਾਣੀ ਚਾਹੀਦੀ ਹੈ।

ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਇਤਿਹਾਸਿਕ ਨਜ਼ਰੀਏ ਤੋਂ ਦਇਆ ਮੌਤ ਕਦੇ ਵੀ ਖੁਦਮੁਖ਼ਤਾਰੀ ਦੇ ਮਸਲੇ ਨਾਲ ਨਹੀਂ ਜੁੜੀ। ਇਸਨੂੰ ਮੁੱਖ ਤੌਰ ਤੇ ਦਇਆ ਮੌਤ (Mercy Killing) ਜੋ ਰਹਿਮ ਦਾ ਕਾਰਜ ਹੈ, ਜਿਥੇ ਵਿਅਕਤੀ ਨੂੰ ਦੁੱਖ ਨਾਲ ਕੁਰਲਾਉਣ ਨਾਲੋਂ ਮੌਤ ਦੇ ਦਿਤੀ ਜਾਂਦੀ ਹੈ। ਸਮਕਾਲੀ ਹਾਲੈਂਡ ਵਿਚ ਵਾਦ ਵਿਵਾਦ ਵਿਚੋਂ ਨੈਤਿਕ ਪੁਸ਼ਟੀਆਂ ਦੇ ਦੋ ਭਿੰਨ ਸੈਟ ਸਾਹਮਣੇ ਆਏ ਹਨ। ਪਹਿਲੀ ਪੁਸ਼ਟੀ ਡਾਕਟਰੀ ਰਹਿਤ ਹੈ ਜਿਸਦਾ ਜ਼ੋਰ ਮਰੀਜ਼ ਦੀ ਖੁਦਮੁਖਤਾਰੀ ਉਪਰ ਹੈ ਅਤੇ ਇੱਛਤ-ਬੇਨਤੀ ਦੀ ਮਹੱਤਤਾ ਉਪਰ ਹੈ ਅਤੇ ਦੂਜੀ, ਡਾਕਟਰੀ ਪੁਸ਼ਟੀ ਹੈ ਜਿਸਦਾ ਜ਼ੋਰ ਦੁੱਖ ਤੋਂ ਛੁਟਕਾਰਾ ਪਾਉਣ ਉਪਰ ਅਤੇ ਉਸ ਦੁੱਖ ਦੀ ਮਹੱਤਤਾ ਉਪਰ ਵੀ ਹੈ ਜੋ ਅਸਹਿਣਯੋਗ ਹੈ।

ਦਇਆ ਮੌਤ ਨਾਲ ਹਾਲੈਂਡੀ ਅਨੁਭਵ ਇਕ ਸਮਾਜਿਕ ਤਜਰਬਾ ਹੈ ਅਤੇ ਦਇਆ ਮੌਤ ਦੇ ਪੱਖ ਪੂਰਵਕਾਂ ਅਤੇ ਪ੍ਰਤਿਵਾਦੀਆਂ ਲਈ ਮਹੱਤਵਪੂਰਨ ਚਿੰਤਨ ਦੀ ਵਸਤੂ ਹੋਣੀ ਚਾਹੀਦੀ ਹੈ। ਤਜ਼ਰਬਾ ਦਰਸਾਉਂਦਾ ਹੈ ਕਿ ਦਇਆ

ਮੌਤ ਦਾ ਅਭਿਆਸ ਅੰਤਰੀਵ ਤੌਰ ਤੇ ਵਿਰੋਧਾਭਾਸ ਨਾਲ ਜੁੜਿਆ ਹੋਇਆ ਹੈ। ਅੰਤ ਵਿਚ ਚਾਰ ਪ੍ਰਸ਼ਨ ਪੁੱਛੇ ਜਾਂਦੇ ਹਨ :

(i) ਕੀ ਦਇਆ ਮੌਤ ਇਕ ਚੰਗੀ ਸਹਿਤ ਦੀ ਸਮੱਸਿਆ ਪ੍ਰਤੀ ਉੱਚਿਤ ਜੁਆਬ ਹੈ। ਨਾਂਹਵਾਚੀ ਜੁਆਬ ਮੰਗ ਕਰਦਾ ਹੈ ਕਿ ਕੀ ਸਾਡੇ ਪਾਸ ਹੋਰ ਦੂਜੇ ਘੱਟ ਵਾਦ-ਵਿਵਾਦੀ ਜੁਆਬ ਹੋ ਸਕਦੇ ਹਨ। ਹਾਂ ਵਾਚੀ ਜੁਆਬ ਦਾ ਅਰਥ ਹੋਵੇਗਾ ਕੁਝ ਹੋਰ ਦੂਜੇ ਪ੍ਰਸ਼ਨ ਜਿਵੇਂ

(ii) ਜੇ ਅਸੀਂ ਦਇਆ ਮੌਤ ਨੂੰ ਸਵੀਕਾਰ ਕਰਦੇ ਹਨ ਤਦ

 (ੳ) ਉਸਦੀ ਉੱਚਿਤ ਨੈਤਿਕ ਪੁਸ਼ਟੀ ਕੀ ਹੈ?

 (ਅ) ਅਸੀਂ ਸਵੀਕਾਰ ਹੋਣਯੋਗ ਮਾਮਲਿਆਂ ਦੇ ਦਵੰਦਾਤਮਕ ਵਿਸਥਾਰ ਨੂੰ ਕਿਵੇਂ ਰੋਕ ਸਕਦੇ ਹਾਂ?

(iii) ਜੇ ਅਸੀਂ ਵਿਅਕਤੀਗਤ ਖੁਦਮੁਖਤਾਰੀ ਨੂੰ ਇਕ ਮੁੱਖ ਪੁਸ਼ਟੀ ਦੇ ਤੌਰ ਤੇ ਲੈਂਦੇ ਹਾਂ ਤਦ ਡਾਕਟਰੀ ਸਹਾਇਤਾ ਕਿਉਂ ਜ਼ਰੂਰੀ ਹੈ ਅਤੇ ਵਿਅਕਤੀ ਖ਼ੁਦ ਪੂਰੀ ਜ਼ਿੰਮੇਵਾਰੀ ਕਿਉਂ ਨਹੀਂ ਲੈਂਦੇ?

(iv) ਜੇ ਅਸੀਂ ਦੁੱਖ ਦੇ ਛੁਟਕਾਰੇ ਨੂੰ ਨੈਤਿਕ ਪੁਸ਼ਟੀ ਦੇ ਤੌਰ ਤੇ ਲੈਂਦੇ ਹਾਂ, ਤਦ

 (ੳ) ਅਸੀਂ ਡਾਕਟਰੀ ਆਤਮਪਰਕਤਾ ਨੂੰ ਕਿਵੇਂ ਘਟਾ ਸਕਦੇ ਹਨ,

 (ਅ) ਕੀ ਡਾਕਟਰ ਕਾਫੀ ਮਾਤਰਾ ਵਿਚ ਵਿਕਲਪਤ ਡਾਕਟਰੀ ਅਪ੍ਰੋਚਾਂ ਨੂੰ ਢੂੰਡ ਰਹੇ ਹਨ ਜਿਵੇਂ ਦੁੱਖ ਦੂਰ ਕਰਨ ਦੀ ਸੰਭਾਲ

ਸੁੱਖੀ ਮੌਤ ਦੇ ਕੁਝ ਨੈਤਿਕ ਆਧਾਰ ਇਹ ਹਨ, ਸੁੱਖੀ ਮੌਤ ਦੀ ਪੁਸ਼ਟੀ ਲਈ ਸਾਡੇ ਪਾਸ ਕੁਝ ਪ੍ਰਸ਼ਨ ਹਨ ਜਿਵੇਂ ਜੀਵਨ ਦਾ ਅਰਥ ਕੀ ਹੈ? ਕੀ ਲਾ-ਇਲਾਜ ਮਰੀਜ਼ ਦੇ ਜੀਵਨ ਨੂੰ ਖਤਮ ਕਰਨਾ ਨੈਤਿਕ ਹੋਵੇਗਾ? ਸੁਖੀ ਮੌਤ ਬਾਰੇ ਫੈਸਲਾ ਕੌਣ ਕਰੇਗਾ? ਸੁਖੀ ਮੌਤ ਬਾਰੇ ਫੈਸਲਾ ਕਰਨ ਵਾਲੇ ਦੇ ਚੇਤਨ ਜਾਂ ਅਚੇਤਨ ਪ੍ਰੇਰਕ ਕੀ ਹਨ? ਸੁੱਖੀ ਮੌਤ ਦੀ ਕਿਰਿਆਸ਼ੀਲ ਵਿਧੀ ਠੀਕ ਹੈ ਜਾਂ ਨਿਸ਼ਕਿਰਿਆਸ਼ੀਲ। 1973 ਵਿਚ "ਅਮੈਰੇਕਾ ਮੈਡੀਕਲ ਐਸੋਸੀਏਸ਼ਨ" ਨੇ ਕਿਰਿਆਸ਼ੀਲ ਅਤੇ ਨਿਸ਼ਕਿਰਿਆਸ਼ੀਲ ਸੁਖੀ ਮੌਤ ਵਿਚਕਾਰ ਅੰਤਰ ਕਰਦੇ ਹੋਏ ਘੋਸ਼ਣ ਕੀਤੀ ਸੀ ਕਿ ਨਿਸ਼ਕਿਰਿਆਸ਼ੀਲ ਸੁਖੀ ਮੌਤ ਹੀ ਮਰੀਜ਼ ਨੂੰ ਦਿਤੀ ਜਾਣੀ ਚਾਹੀਦੀ ਹੈ ਜੇ ਉਹ ਸੁੱਖੀ ਮੌਤ ਬਾਰੇ ਮੰਗ ਕਰੇ।

**ਆਪਣਾ ਗਿਆਨ ਪਰਖੋ**

1. ਸੁੱਖੀ ਮੌਤ

___

___

___

2. ਕਿਰਿਆਸ਼ੀਲ ਅਤੇ ਨਿਸ਼ਕਿਰਿਆਸ਼ੀਲ ਸੁਖੀ ਮੌਤ

___

___

___

3. ਸੁੱਖੀ ਮੌਤ ਦੇ ਨੈਤਿਕ ਅਧਾਰ

___

___

___

### 2.2.4 ਮਾਨਵੀ ਪ੍ਰਯੋਗ (Human Experimentation)

ਅੱਜ ਮਨੁੱਖ ਦੀ ਮੁੱਖ ਸਮੱਸਿਆ ਇਹ ਹੈ ਕਿ ਉਹ ਇਸ ਧਰਤੀ ਉੱਪਰ ਸਭ ਤੋਂ ਚੰਗੀ ਸਿਹਤ ਰੱਖਦਾ ਹੋਇਆ ਕਿਵੇਂ ਜ਼ਿੰਦਾ ਰਹਿ ਸਕਦਾ ਹੈ। ਆਦਿ ਕਾਲ ਤੋਂ ਇਸ ਸਮਸਿਆ ਨੇ ਭਿੰਨ-ਭਿੰਨ ਆਕਾਰ ਲਏ ਹਨ, ਪਰੰਤੂ ਅੱਜ ਵਿਗਿਆਨ ਅਤੇ ਤਕਨਾਲੋਜ਼ੀ ਦੇ ਪਾਸਾਰ ਕਾਰਨ ਇਸ ਸਮਸਿਆ ਨੇ ਨਵਾਂ ਵਿਸਥਾਰ ਪ੍ਰਾਪਤ ਕਰ ਲਿਆ ਹੈ।

ਸੰਸਾਰ ਦੀਆਂ ਸਭ ਤੋਂ ਵੱਡੀਆਂ ਸਮਸਿਆਵਾਂ ਵਿਚੋਂ ਅੱਜ ਇਕ ਸਮੱਸਿਆ ਹੱਦੋਂ ਵੱਧ ਚੁੱਕੀ ਆਬਾਦੀ ਦੀ ਸਿਹਤ ਸੰਭਾਲ ਦੀ ਹੈ। ਇਸ ਆਬਾਦੀ ਨੂੰ ਸੀਮਾ ਵਿਚ ਕਿਵੇਂ ਰੱਖਿਆ ਜਾਵੇ ਜਾਂ ਮਨੁੱਖ ਜਾਤੀ ਦੀ ਤਬਾਹੀ ਨੂੰ ਕਿਵੇਂ ਰੋਕਿਆ ਜਾਵੇ। ਬੀਮਾਰੀ ਦੀ ਰੋਕਥਾਮ ਅਤੇ ਇਲਾਜ ਵਿਚ ਜਾਨਵਰਾਂ (ਪਸ਼ੂਆਂ) ਉੱਪਰ ਪ੍ਰਯੋਗ ਪ੍ਰਕਿਰਿਆ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇੰਜ ਪਸ਼ੂਆਂ ਅਤੇ ਮਨੁੱਖਾਂ ਉਪਰ ਪ੍ਰਯੋਗ ਕਰਨ ਦੀ ਨੈਤਿਕਤਾ ਉੱਪਰ ਆਮ ਰਾਇ ਬਣਾਉਣਾ ਇਕ ਮਹੱਤਵਪੂਰਨ ਮਸਲਾ ਬਣ ਚੁੱਕਾ ਹੈ।

17ਵੀਂ ਸਦੀ ਦੇ ਆਧੁਨਿਕ ਫਸਲਫ਼ੇ ਦੇ ਪਿਤਾਮਾ ਫਰਾਂਸੀਸੀ ਦਾਰਸ਼ਨਿਕ ਰੇਨੇ ਦੇਕਾਰਤੇ ਲਈ ਪਸ਼ੂਆਂ ਉੱਪਰ ਪ੍ਰਯੋਗ ਕਰਨ ਸਬੰਧੀ ਕੋਈ ਨੈਤਿਕ ਸਮੱਸਿਆ ਨਹੀਂ ਹੈ ਅਤੇ ਉਹੀ ਇਸ ਨੂੰ ਸਵੀਕ੍ਰਿਤੀ ਦਿੰਦਾ ਹੈ। ਉਸ ਅਨੁਸਾਰ ਪਸ਼ੂ ਦਾ ਸਰੀਰ ਇਕ ਮਸ਼ੀਨ ਹੈ ਜੋ ਘੜੀ ਨਾਲੋਂ ਅਧਿਕ ਪੇਚੀਦਾ ਹੈ, ਪਰੰਤੂ ਦੁੱਖ ਮਹਿਸੂਸ ਕਰਨ ਦੇ ਯੋਗ ਨਹੀਂ ਹੈ। ਜਰਮਨ ਦਾਰਸ਼ਨਿਕ ਕਾਂਤ ਕਹਿੰਦਾ ਹੈ, ਕਿ ਪਸ਼ੂਆਂ ਨੂੰ ਉਦੇਸ਼ਾਂ ਦੇ ਤੌਰ ਤੇ ਲੈਣ ਦੀ ਕੋਈ ਲੋੜ ਨਹੀਂ, ਕਿਉਂਕਿ ਉਹਨਾਂ ਅੰਦਰ ਵਿਵੇਕਸ਼ੀਲਤਾ ਨਹੀਂ ਹੁੰਦੀ। ਪਰੰਤੂ ਪਸ਼ੂਆਂ ਉਪਰ ਖੋਜ ਨੂੰ ਬੰਦ ਕਰਵਾਉਣ ਲਈ ਸਮਕਾਲੀ ਲਹਿਰ ਰਾਜਨੀਤਿਕ ਤੌਰ ਤੇ ਵਧੇਰੇ ਸੰਗਠਤ ਹੈ ਅਤੇ ਵਧੇਰੇ ਠੋਸ ਦਾਰਸ਼ਨਿਕ ਆਧਾਰ ਉਪਰ ਆਧਾਰਿਤ ਹੈ। ਇਸ ਲਹਿਰ ਨੂੰ ਪਸ਼ੂਆਂ ਦੀ ਆਜ਼ਾਦੀ ਜਾਂ ਪਸ਼ੂਆਂ ਦੇ ਅਧਿਕਾਰ ਦੇ ਨਾ ਨਾਲ ਜਾਣਿਆ ਜਾਂਦਾ ਹੈ। ਜੋ 1960 ਵਿਚ ਹੋਈ ਮਨੁੱਖੀ ਅਧਿਕਾਰਾਂ ਲਈ (ਸਿਵਲ ਰਾਈਟਸ ਮੂਵਮੈਂਟ) ਲਹਿਰ ਦੇ ਸਮਾਨ ਹੈ, ਜਿਸ ਵਿਚ ਕਾਲਿਆਂ, ਔਰਤਾਂ ਅਤੇ ਦੂਜੇ ਘੱਟ ਗਿਣਤੀ ਦੇ ਲੋਕਾਂ ਲਈ ਸਮਾਨ ਰੁੱਤਬੇ ਦੀ ਮੰਗ ਸੀ, ਪਸ਼ੂਆਂ ਦੇ ਹੱਕ ਵਿਚ ਦਲੀਲ ਦੇਣ ਵਾਲੇ ਪਸ਼ੂਆਂ ਲਈ ਸਮਾਨ ਰੁੱਤਬੇ ਦਾ ਮਾਮਲਾ ਬਣਾਉਂਦੇ ਹਨ, ਜਿਵੇਂ ਆਸਟਰੇਲੀਆਂ ਦੇ ਦਾਰਸ਼ਨਿਕ ਪੀਟਰ ਸਿੰਗਰ (Peter Singer) ਨੇ ਪਸ਼ੂਆਂ ਦੇ ਹੱਕ ਵਿਚ ਇਕ ਮਾਮਲਾ ਪ੍ਰਸਤੁਤ ਕੀਤਾ ਕਿ ਅਸੀਂ ਕੇਵਲ ਆਪਣੇ ਸਮਾਜ ਵਿਚ ਜਾਤੀਵਾਦ ਅਤੇ ਲਿੰਗਵਾਦ ਨੂੰ ਹੀ ਨਹੀਂ ਮੰਨਦੇ, ਸਗੋਂ ਅਸੀਂ ਜਿਨਸਵਾਦ (specieism) ਦਾ ਵੀ ਅਭਿਆਸ ਕਰਦੇ ਹਾਂ। ਅਸੀਂ ਪਹਿਲਾਂ ਤੋਂ ਹੀ ਮੰਨਕੇ ਚੱਲਦੇ ਹਾਂ ਕਿ ਮਨੁੱਖ ਜਾਤੀ ਦੂਜੇ ਪਸ਼ੂਆਂ ਨਾਲੋਂ ਵਧੇਰੇ ਸ੍ਰੇਸ਼ਟ ਹੈ। ਅਸੀਂ ਆਪਣੀ ਜਾਤੀ ਸਬੰਧੀ ਪੱਖਪਾਤੀ ਹਾਂ। ਪਸ਼ੂਆਂ ਉਪਰ ਤਜ਼ਰਬੇ ਕਰਨੇ ਅਤੇ ਉਹਨਾਂ ਦੇ ਮਾਸ ਨੂੰ ਖਾਣਾ ਸਾਡੇ ਸਮਾਜ ਅੰਦਰ ਨਸਲਵਾਦ (ਉਪ ਜਾਤੀਵਾਦ) ਦੇ ਦੋ ਮੁੱਖ ਆਕਾਰ ਹਨ। ਸਿੰਗਰ ਦੱਸਦਾ ਹੈ ਕਿ ਮਨੁੱਖ ਜਾਤੀ ਦੇ ਕੁਝ ਪ੍ਰਵਰਗ ਅਤੇ ਗਤੀਰੋਧ (ਮੰਦ ਬੁੱਧੀ) ਲੋਕ ਕੁਝ ਪਸ਼ੂਆਂ ਨਾਲੋਂ ਘੱਟ ਸਿਆਣੇ, ਘੱਟ ਸੁਚੇਤ ਅਤੇ ਘੱਟ ਸਵੈ-ਚੇਤਨ ਪਾਏ ਗਏ ਹਨ। ਫਿਰ ਵੀ ਅਸੀਂ ਇਹਨਾਂ ਵਿਅਕਤੀਆਂ ਨਾਲ ਪਸ਼ੂਆਂ ਵਾਲਾ ਵਿਵਹਾਰ ਨਹੀਂ ਕਰਦੇ। ਉਹ ਦਲੀਲ ਦਿੰਦਾ ਹੈ ਕਿ ਸਾਰੇ ਪਸ਼ੂ ਸਮਾਨ ਹੁੰਦੇ ਹਨ ਅਤੇ ਇਕ ਪਸ਼ੂ ਦਾ ਦੁੱਖ ਅਤੇ ਤਕਲੀਫ ਨੈਤਿਕ ਤੌਰ ਤੇ ਮਨੁੱਖ ਦੇ ਦੁੱਖ ਦੇ ਸਮਾਨ ਹੁੰਦਾ ਹੈ। ਪੀਟਰ ਸਿੰਗਰ ਆਪਣੀ ਪੁਸਤਕ ਐਨੀਮਲ ਲਿਬਰੇਸ਼ਨ (Animal Liberation) ਵਿਚ ਪਸ਼ੂਆਂ ਉਪਰ ਹੋਏ ਅਸਲੀ ਪ੍ਰਯੋਗਾਂ ਦੀ ਤਸਵੀਰ ਪੇਸ਼ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਅਜਿਹੇ ਪਸ਼ੂਆਂ ਉਪਰ ਕੀਤੇ ਜਾ ਰਹੇ ਤਜ਼ਰਬੇ ਵਿਗਿਆਨਕ ਕਾਰਨਾ ਲਈ ਬੇ-ਬੁਨਿਆਦ ਹਨ ਇਸ ਲਈ ਅਜਿਹੇ ਪ੍ਰਯੋਗਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ, ਪਰੰਤੂ ਦੂਜੇ ਪਾਸੇ ਮੋਰਿਸ਼ ਬੀ, ਵਿਸ਼ਚਰ ਦਲੀਲ ਦਿੰਦਾ ਹੈ ਕਿ ਜੀਵਨ ਦੇ ਸਨਮਾਨ ਨੂੰ ਲੋਕਾਂ ਦੁਆਰਾ ਗ੍ਰਹਿਣ ਕਰਨਾ ਜਿਵੇਂ ਐਲਬਰਟ ਸਵਿਟਜ਼ਰ ਉਸ ਹੱਦ ਤੱਕ ਲੈ ਜਾਂਦਾ ਹੈ ਜਿਸ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਉਹ ਕਹਿੰਦਾ ਹੈ ਕਿ ਪਸ਼ੂਆਂ ਉਪਰ ਖੋਜ ਦੀ ਲੋੜ ਹੈ, ਕਿਉਂਕਿ ਇਸ ਦਾ ਲਾਭ ਮਨੁੱਖ ਜਾਤੀ ਨੂੰ ਹੋਵੇਗਾ।

ਇਸ ਪ੍ਰਸ਼ਨ ਦੇ ਜੁਆਬ ਵਿਚ ਕਿ ਪ੍ਰਯੋਗ ਪੁਸ਼ਟੀਯੋਗ ਕਦੋਂ ਹੋ ਸਕਦਾ ਹੈ, ਇਹ ਨਹੀਂ ਕਿਹਾ ਜਾ ਸਕਦਾ ਕਿ ਕਦੇ ਵੀ ਨਹੀਂ। ਕੁਝ ਦੇਸ਼ਾਂ ਵਿਚ ਨਿਰਪੇਖਵਾਦੀਆਂ ਦਾ ਕਹਿਣਾ ਹੈ ਕਿ ਮਨੁੱਖ ਨੂੰ ਤਸੀਹੇ ਦੇਣੇ, ਦੁੱਖ ਪਹੁੰਚਾਉਣਾ ਪੁਸ਼ਟੀਯੋਗ ਹੈ। ਮਿਸਾਲ ਵਜੋਂ ਜਦੋਂ ਕਿਸੇ ਵਿਅਕਤੀ ਨੂੰ ਤਸੀਹੇ ਦੇ ਕੇ ਇਹ ਪਤਾ ਲਗਾਇਆ ਜਾ ਸਕੇ ਕਿ ਉਸ ਨੇ ਟਾਈਮ ਬੰਬ ਇਮਾਰਤ ਦੀ ਸਭ ਤੋਂ ਹੇਠਲੀ ਮੰਜ਼ਿਲ ਉਤੇ ਕਿਸ ਜਗ੍ਹਾ ਉਪਰ ਲਗਾਇਆ ਹੋਇਆ ਹੈ। ਜੇ ਏਦਾ ਤਸੀਹੇ ਦੇ ਕੇ ਅਸੀਂ ਹਜ਼ਾਰਾਂ ਲੋਕਾਂ ਦੀ ਜਾਨ ਬਚਾ ਸਕਦੇ ਹੋਈਏ ਤਾਂ ਜੇ ਇਕ ਜਾਨ ਲੈ ਵੀ ਲਈ ਜਾਵੇ ਤਾਂ ਇਹ ਨੈਤਿਕ ਤੌਰ ਤੇ ਪੁਸ਼ਟੀਯੋਗ ਹੋਵੇਗਾ ਤਦ ਅਜਿਹਾ ਪ੍ਰਯੋਗ ਮਨੁੱਖ ਉਪਰ ਜ਼ਰੂਰ ਕਰਨਾ ਚਾਹੀਦਾ ਹੈ ਪਰੰਤੂ ਅਜਿਹੇ ਮਾਮਲੇ ਬਹੁਤ ਹੀ ਘੱਟ ਹੁੰਦੇ ਹਨ।

ਨੂਰੇਮਬਰਗ ਕੋਡ (Nuremberg Code) ਇਸ ਪੂਰਵ ਧਾਰਨਾ ਉਪਰ ਆਧਾਰਤ ਸੀ ਕਿ ਮਨੁੱਖੀ ਜੀਵ ਉਪਰ ਕਿਸੇ ਕਿਸਮ ਦਾ ਪ੍ਰਯੋਗ ਨਾ ਕੀਤਾ ਜਾਵੇ ਸਿਵਾਇ ਕੁਝ ਖਾਸ ਕੇਸਾਂ ਵਿਚ। ਹੁਣ ਮਨੁੱਖੀ ਪ੍ਰਯੋਗ ਦੇ ਪ੍ਰਤੱਖਣ ਅਤੇ ਅਰਥ ਬਿਲਕੁਲ ਹੀ ਬਦਲ ਗਏ ਹਨ। ਕੁਝ ਪ੍ਰਯੋਗ ਹੁਣ ਜ਼ਰੂਰੀ ਹੋ ਗਏ ਹਨ ਅਤੇ ਵਿਕਾਸ ਲਈ ਅਤਿ-ਆਵਸ਼ਕ। ਪਰੰਤੂ ਅੱਜ ਵੀ ਬੁਨਿਆਦੀ ਸਮੱਸਿਆ ਇਹਨਾਂ ਪ੍ਰਯੋਗਾਂ ਦੇ ਖਤਰਿਆਂ ਅਤੇ ਲਾਭਾਂ ਬਾਰੇ ਹੈ। ਅੱਜ ਜਿਹਨਾਂ ਉਪਰ ਪ੍ਰਯੋਗ ਕੀਤੇ ਜਾਂਦੇ ਹਨ, ਉਹਨਾਂ ਬਾਰੇ ਗੁੱਪਤ ਸੂਚਨਾ ਜ਼ਾਹਰ ਕਰ ਦੇਣ ਨਾਲ ਖਤਰੇ ਦਾ ਖੇਤਰ ਹੋਰ ਵਿਸ਼ਾਲ ਹੋ ਗਿਆ ਹੈ। ਅੱਜ ਤਾਂ ਮਾਨਵੀ ਪ੍ਰਯੋਗ ਇਕ ਇੰਡਸਟਰੀ ਬਣ ਚੁੱਕੇ ਹਨ।

ਮਾਨਵੀ ਪ੍ਰਯੋਗ ਮਨੁੱਖਾਂ ਦੇ ਇਲਾਜ ਲਈ ਅਤੇ ਪ੍ਰਯੋਗਕ ਉਦੇਸ਼ਾਂ ਲਈ ਮਨੁੱਖਾਂ ਦਾ ਇਸਤੇਮਾਲ ਕਰਨਾ ਹੈ। ਅਜਿਹਾ ਮਾਨਵਤਾ ਦੀ ਭਲਾਈ ਲਈ ਅਤੇ ਵਧੇਰੇ ਵਿਗਿਆਨਕ ਗਿਆਨ ਲਈ ਵੀ ਕੀਤਾ ਜਾਂਦਾ ਹੈ। ਸੁਆਲ ਇਹ ਪੈਦਾ ਹੁੰਦਾ ਹੈ ਕਿ ਹੁਣ ਵੀ ਮਾਨਵੀ ਪ੍ਰਯੋਗ ਦਾ ਮਸਲਾ ਕਿਉਂ ਉਠਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਮਨੁੱਖੀ ਜੀਵਾਂ ਨਾਲ ਸਬੰਧਤ ਡਾਕਟਰੀ ਗਿਆਨ ਨੂੰ ਤਦ ਹੀ ਅੱਗੇ ਵਧਾਇਆ ਜਾ ਸਕਦਾ ਹੈ, ਜਦੋਂ ਪਸ਼ੂਆਂ ਉਪਰ ਪ੍ਰਯੋਗ ਕੀਤੇ ਜਾਣਗੇ ਜਾਂ ਮਨੁੱਖੀ ਜੀਵਾਂ ਉਪਰ ਪ੍ਰਯੋਗ ਜਾਂ ਤਕਨਾਲੋਜੀ ਦਾ ਇਸਤੇਮਾਲ ਕਰਕੇ ਹੀ ਵੇਖਿਆ ਜਾ ਸਕਦਾ ਹੈ ਕਿ ਅਜਿਹੀ ਦਵਾਈ ਪ੍ਰਭਾਵਸ਼ਾਲੀ ਹੈ ਜਾਂ ਨਹੀਂ। ਕਈ ਵਾਰ ਕੁਝ ਅਜਿਹੇ ਖੇਤਰ ਹਨ ਜਿੱਥੇ ਕੇਵਲ ਮਨੁੱਖਾਂ ਉਪਰ ਹੀ ਪ੍ਰਯੋਗ ਹੋ ਸਕਦੇ ਹਨ ਅਤੇ ਕਿਸੇ ਦੂਜੀ ਪਸ਼ੂ ਦੀ ਉਪਜਾਤੀ ਉਪਰ ਨਹੀਂ, ਕਿਉਂਕਿ ਅਜਿਹੇ ਪ੍ਰਯੋਗਾਂ ਵਿਚ ਜ਼ਰੂਰੀ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ਜੇ ਬੱਚਿਆਂ ਉਪਰ ਪ੍ਰਯੋਗ ਕਰਨੇ ਅਸੰਭਵ ਹੋਣ ਤਾਂ ਨੌਜੁਆਨਾਂ ਉਪਰ ਪ੍ਰਯੋਗ ਕਰਕੇ ਸਮੱਗਰੀ ਇਕੱਤਰ ਕੀਤੀ ਜਾ ਸਕਦੀ ਹੈ ਅਤੇ ਅਜਿਹੀ ਸਮੱਗਰੀ ਦਾ ਪ੍ਰਯੋਗ ਬੱਚਿਆਂ ਦਾ ਇਲਾਜ ਲਈ ਵੀ ਲਾਹੇਵੰਦ ਹੋ ਸਕਦਾ ਹੈ। ਬੱਚਿਆ ਉਪਰ ਪ੍ਰਯੋਗ ਕਰਨੇ ਵਧੇਰੇ ਨੈਤਿਕ ਸਮੱਸਿਆਵਾਂ ਪੈਦਾ ਕਰਦੇ ਹਨ ਜਿਵੇਂ ਕਿ ਬੱਚੇ ਸੁਤੰਤਰ ਰੂਪ ਵਿਚ ਪ੍ਰਯੋਗ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਨਹੀਂ ਕਰ ਸਕਦੇ।

ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਮਾਪੇ ਆਪਣੇ ਬੱਚਿਆਂ ਲਈ ਨਿਰਣਾ ਲੈ ਸਕਦੇ ਸਨ, ਬਿਨਾ ਉਹਨਾਂ ਦੀ ਸਹਿਮਤੀ ਦੇ। ਕੀ ਉਹ ਉਹਨਾਂ ਪ੍ਰਯੋਗਾਂ ਲਈ ਸਵੀਕ੍ਰਿਤੀ ਦੇਣਗੇ ਜਿਸ ਨਾਲ ਦੁੱਖ ਹੋਵੇਗਾ ਜਾਂ ਜੀਵਨ ਨੂੰ ਵੀ ਖ਼ਤਰਾ ਹੁੰਦਾ ਹੋਵੇ। ਮੁੱਖ ਪ੍ਰਸ਼ਨ ਇਹ ਹੈ ਕਿ ਕਿਸ ਹੱਦ ਤੱਕ ਮਨੁੱਖੀ ਪ੍ਰਯੋਗ ਹੋ ਸਕਦਾ ਹੈ ਅਤੇ ਕਿਹੜੀਆਂ ਹਾਲਤਾਂ ਅਧੀਨ ਇਸ ਨੂੰ ਕੀਤਾ ਜਾਵੇ, ਕਿਸ ਦਰਜੇ ਤੱਕ ਇਸ ਨੂੰ ਕੀਤਾ ਜਾਵੇ ਅਤੇ ਕਿਸ ਦਰਜੇ ਤੱਕ ਉਹਨਾਂ ਨੂੰ ਪ੍ਰਯੋਗ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਜਿਹੜੇ ਵਿਅਕਤੀ ਪ੍ਰਯੋਗ ਦੇ ਹੱਕ ਵਿਚ ਹਨ, ਉਹਨਾਂ ਦਾ ਵਿਸ਼ਵਾਸ ਹੈ ਕਿ ਜਿੱਥੋਂ ਤਕ ਇਕ ਵਿਸ਼ੇਸ਼ ਪ੍ਰਯੋਗ ਵਿਗਿਆਨਕ ਗਿਆਨ ਵਿਚ ਵਾਧਾ ਕਰੇਗਾ ਜਾਂ ਸਾਧਾਰਨਤਾ ਕਿਸੇ ਢੰਗ ਨਾਲ ਮਾਨਵਤਾ ਦੀ ਮਦਦ ਕਰੇਗਾ, ਮਨੁੱਖੀ ਪ੍ਰਯੋਗ ਪੁਸ਼ਟੀਯੋਗ ਹੈ। ਜਿਹਨਾਂ ਉਪਰ ਪ੍ਰਯੋਗ ਕੀਤਾ ਜਾਣਾ ਹੁੰਦਾ ਹੈ, ਉਹਨਾਂ ਨੂੰ ਜ਼ਰੂਰ ਹੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਪਤਾ ਹੋਵੇ ਕਿ ਉਹਨਾਂ ਉਪਰ ਪ੍ਰਯੋਗ ਹੋ ਰਿਹਾ ਹੈ, ਪਰੰਤੂ ਉਹਨਾਂ ਨੂੰ ਪ੍ਰਯੋਗ ਦੇ ਸਿੱਟਿਆਂ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਉਹ ਵਿਅਕਤੀ ਜਿਹਨਾਂ ਨੂੰ ਜੇਲ੍ਹ ਦੀ ਸਜ਼ਾ ਹੋਈ ਹੈ, ਜੋ ਪਾਗਲ ਹਸਪਤਾਲਾਂ ਵਿਚ ਭਰਤੀ ਹਨ, ਜੋ ਇੱਛਤ ਤੌਰ ਤੇ ਪ੍ਰਯੋਗ ਕਰਵਾਉਣ ਦੀ ਸਹਿਮਤੀ ਪ੍ਰਗਟ ਕਰਨ ਤਾਂ ਕਿ ਉਹ ਮਨੁੱਖਤਾ ਦੀ ਮਦਦ ਕਰ ਸਕਣ ਤਾਂ ਉਹਨਾਂ ਉਪਰ ਪ੍ਰਯੋਗ ਕਰਨੇ ਪੁਸ਼ਟੀਯੋਗ ਹਨ। ਅਜਿਹੇ ਲੋਕਾਂ ਦੀ ਹੌਂਸਲਾ ਅਫ਼ਜਾਈ ਲਈ ਉਹਨਾਂ ਨੂੰ ਪੈਰੋਲ ਉਪਰ ਜਾਂ ਸਜਾ ਮੁਆਫ ਕਰ ਦੇਣ ਜਾਂ ਵਧੇਰੇ ਚੰਗੇਰੀ ਹਾਲਤ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ। ਉਹਨਾਂ ਬੱਚਿਆਂ ਉਪਰ ਪ੍ਰਯੋਗ ਕਰ ਲੈਣੇ ਚਾਹੀਦੇ ਹਨ ਜਿਹਨਾਂ ਦੇ ਇਲਾਜ ਲਈ ਮਾਪਿਆਂ ਨੇ ਆਪਣੀ ਸਹਿਮਤੀ ਦੇ ਦਿੱਤੀ ਹੋਵੇ, ਖਾਸ ਕਰਕੇ ਜਦੋਂ ਹੋਰ ਕੋਈ ਦਵਾ-ਦਾਰੂ ਕੰਮ ਨਾ ਆਇਆ ਹੋਵੇ।

ਦੂਜੇ ਪਾਸੇ ਉਹ ਵਿਅਕਤੀ ਹਨ ਜੋ ਠੋਸ ਰਾਇ ਰੱਖਦੇ ਹਨ ਕਿ ਮਨੁੱਖਾਂ ਉਪਰ ਕਦੇ ਵੀ ਪ੍ਰਯੋਗ ਨਹੀਂ ਕੀਤੇ ਜਾਣੇ ਚਾਹੀਦੇ। ਜੇ ਵਿਗਿਆਨ ਛੋਟੇ ਪਸ਼ੂਆਂ ਉਪਰ ਪ੍ਰਯੋਗ ਕਰਨ ਉਪਰੰਤ ਵੀ ਆਪਣੇ ਗਿਆਨ ਵਿਚ ਵਾਧਾ ਨਹੀਂ ਕਰ ਸਕਦੀਆਂ ਤਾਂ ਮਨੁੱਖਾਂ ਉਪਰ ਪ੍ਰਯੋਗ ਬਿਲਕੁਲ ਬੰਦ ਹੋਣੇ ਚਾਹੀਦੇ ਹਨ। ਕਿਸੇ ਵਿਅਕਤੀ ਉਪਰ ਕਿਸੇ ਨਸ਼ੀਲੀ ਦਵਾ ਦਾ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ ਜਿੰਨੀ ਦੇਰ ਇਸ ਕਸੌਟੀ ਦੀ ਪੂਰਤੀ ਨਹੀਂ ਹੁੰਦੀ।

ਕੇਵਲ ਅੰਤਲੇ ਸਮੇਂ ਮਰੀਜ਼ ਦੀ ਪੂਰੀ ਸਹਿਮਤੀ ਨਾਲ ਉਸ ਦੇ ਇਲਾਜ ਲਈ ਹੀ ਉਸ ਉਪਰ ਪ੍ਰਯੋਗ ਕੀਤਾ ਜਾਵੇ, ਜਦੋਂ ਹੋਰ ਕੋਈ ਚਾਰਾ ਨਾ ਰਹਿ ਜਾਵੇ। ਮਾਨਵੀ ਪ੍ਰਯੋਗਾਂ ਦੇ ਵਿਰੋਧੀ ਡਾਕਟਰ ਦੂਜੇ ਵਿਸ਼ਵ ਯੁੱਧ ਦੌਰਾਨ ਥਰਡ ਰੀਚ (Third Reich) ਦੇ ਭਿਆਨਕ ਪ੍ਰਯੋਗਾਂ ਦਾ ਜ਼ਿਕਰ ਕਰਦੇ ਹਨ। ਇਹਨਾਂ ਦਾ ਕਹਿਣਾ ਹੈ ਕਿ ਜੇ ਵਿਅਕਤੀ ਮਾਨਸਿਕ ਤੌਰ ਤੇ ਤੰਦਰੁਸਤ ਨਹੀਂ ਹਨ ਤਾਂ ਉਹਨਾਂ ਉਪਰ ਕਿਸੇ ਵੀ ਹਾਲਤ ਵਿਚ ਪ੍ਰਯੋਗ ਨਹੀਂ ਕਰਨੇ ਚਾਹੀਦੇ। ਜੇ ਕਿਤੇ ਅਜਿਹੇ ਵਿਅਕਤੀ ਉਪਰ ਪ੍ਰਯੋਗ ਕਰਨਾ ਲਾਜ਼ਮੀ ਹੋ ਜਾਵੇ ਤਾਂ ਅਜਿਹੇ ਪ੍ਰਯੋਗ ਹੱਦੋਂ ਵੱਧ ਸੁਰੱਖਿਆ ਭਰਪੂਰ ਹੋਣਾ ਚਾਹੀਦਾ ਹੈ। ਇਸ ਵਿਚ ਕਿਸੇ ਬੀਮਾਰੀ ਦਾ ਭਿਆਨਕ ਖਤਰਾ, ਜ਼ਖ਼ਮ ਜਾਂ ਜੀਵਨ ਦੇ ਖਾਤਮੇ ਦਾ ਖ਼ਤਰਾ ਨਹੀਂ ਹੋਣਾ ਚਾਹੀਦਾ।

ਇਕ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ ਜਦੋਂ ਕਲਊਡ ਬਰਨਾਰਡ ਨੇ ਪਸ਼ੂ ਅਤੇ ਮਨੁੱਖ ਉਪਰ ਪ੍ਰਯੋਗ ਬਾਰੇ ਸਾਰੰਸ਼ ਦਿੰਦੇ ਹੋਏ ਕਿਹਾ ਸੀ, ਕੀ ਪਸ਼ੂਆਂ ਉਪਰ ਤਜ਼ਰਬੇ ਕਰਨ ਦਾ ਅਧਿਕਾਰ ਸਾਡੇ ਪਾਸ ਹੈ, ਉਹਨਾਂ ਨੂੰ ਚੀਰਨ ਫਾੜਣ ਦਾ ਹੱਕ ਸਾਨੂੰ ਹੈ ? ਜਿੱਥੋਂ ਤੱਕ ਮੇਰਾ ਜੁਆਬ ਹੈ, ਮੈਂ ਸੋਚਦਾ ਹਾਂ, ਸਾਡੇ ਕੋਲ ਪੂਰਨ ਅਧਿਕਾਰ ਹੈ। ਦਰਅਸਲ ਇਹ ਬੇਹੱਦ ਅਦਭੁੱਤ ਹੋਵੇਗਾ, ਜੇ ਰੋਜ਼ਾਨਾ ਜੀਵਨ ਵਿਚ ਘਰੇਲੂ ਸੇਵਾ ਲਈ ਜਾਂ ਖ਼ੁਰਾਕ ਲਈ ਪਸ਼ੂ ਦੇ ਇਸਤੇਮਾਲ ਲਈ ਮਨੁੱਖ ਦੇ ਅਧਿਕਾਰ ਨੂੰ ਪਹਿਚਾਣਿਆ ਹੈ.....................ਕੋਈ ਝਿੱਜਕ ਸੰਭਵ ਨਹੀਂ ਹੈ, ਇਹਨਾਂ ਪ੍ਰਯੋਗਾਂ ਰਾਹੀਂ ਜੀਵਨ ਦਾ ਵਿਗਿਆਨ ਸਥਾਪਿਤ ਹੋ ਸਕਦਾ ਹੈ ਕਿ ਪਸ਼ੂਆਂ ਉਪਰ ਪ੍ਰਯੋਗ ਕਰਨੇ ਜ਼ਰੂਰੀ ਰੂਪ ਵਿਚ ਨੈਤਿਕ ਹੈ ਭਾਵੇਂ ਇਹ ਦੁਖਦਾਈ ਹੋਣ, ਭਾਵੇਂ ਉਹਨਾਂ ਲਈ ਖ਼ਤਰਨਾਕ, ਜੇ ਅਜਿਹੇ ਪ੍ਰਯੋਗ ਮਨੁੱਖ ਲਈ ਲਾਹੇਵੰਦ ਹੋ ਸਕਦੇ ਹਨ।

ਮੋਰਿਸ ਬੀ. ਵਿਸ਼ਚਰ ਦਾ ਮੰਨਣਾ ਹੈ ਕਿ ਭਵਿੱਖਤ ਖੋਜ ਲਈ ਪਸ਼ੂਆਂ ਉਪਰ ਪ੍ਰਯੋਗ ਕਰਨੇ, ਬੀਮਾਰੀ ਦੇ ਇਲਾਜ ਲਈ ਅਜਿਹਾ ਕਰਨਾਂ, ਵਿਗਿਆਨਕ ਗਿਆਨ ਦੇ ਵਾਧੇ ਲਈ ਅਜਿਹੇ ਪ੍ਰਯੋਗ ਕਰਨੇ ਜ਼ਰੂਰੀ ਹਨ, ਜਿਵੇਂ ਕਿ ਮਨੁੱਖ ਦੀ ਯੋਗਤਾ ਪਸ਼ੂ ਨਾਲੋਂ ਸ੍ਰੇਸ਼ਠ ਹੈ, ਉਹ ਆਪਣੇ ਵਾਤਾਵਾਰਨ ਨੂੰ ਤਬਦੀਲ ਕਰ ਸਕਦਾ ਹੈ, ਇਸ ਲਈ ਅਜਿਹੇ ਪ੍ਰਯੋਗ ਕਰਨੇ ਉਸ ਲਈ ਜ਼ਰੂਰੀ ਹਨ।

### 2.2.5 ਆਪਣਾ ਖੂਨ ਕਿਸੇ ਦੂਜੇ ਵਿਅਕਤੀ ਨੂੰ ਦੇਣਾ:

ਇਸ ਪ੍ਰਸ਼ਨ ਦੇ ਜੁਆਬ ਵਿਚ ਕਿ ਕੀ ਕੋਈ ਆਪਣਾ ਖੂਨ ਕਿਸੇ ਦੂਜੇ ਵਿਅਕਤੀ ਨੂੰ ਦੇ ਸਕਦਾ ਹੈ, ਰਿਚਰਡ ਐਮ. ਟਿੱਟਮਸ, ਜੋ ਸਮਾਜਿਕ ਪ੍ਰਬੰਧ ਦਾ ਇਕ ਅੰਗਰੇਜ਼ ਪ੍ਰੋਫੈਸਰ ਹੈ, ਦਾ ਵਿਸ਼ਵਾਸ ਹੈ ਕਿ ਸਵੈ-ਇੱਛਤ ਖੂਨ ਦਾਨ ਦੀ ਪ੍ਰਣਾਲੀ ਵਿਪਾਰਕ ਪ੍ਰਣਾਲੀ ਨਾਲੋਂ ਕਿਤੇ ਵੱਧ ਕੇਵਲ ਸੁਰੱਖਿਅਤ ਹੀ ਨਹੀਂ, ਸਗੋਂ ਵਧੇਰੇ ਆਰਥਿਕ ਵੀ ਹੈ। ਇਸ ਨਾਲ ਪਰਉਪਕਾਰ ਦੇ ਨੈਤਿਕ ਆਦਰਸ਼ ਦਾ ਵੀ ਵਾਧਾ ਹੁੰਦਾ ਹੈ। 1971 ਵਿਚ ਜਦੋਂ ਇਸ ਪ੍ਰਸ਼ਨ ਉਪਰ ਭੱਖਵਾਂ ਵਾਦ ਵਿਵਾਦ ਚੱਲ ਰਿਹਾ ਸੀ, ਟਿੱਟਮਸ ਨੇ ਇਕ ਆਰਟੀਕਲ ਲਿਖਿਆ, ਬਾਅਦ ਵਿਚ ਵਧਾ ਕੇ ਉਸ ਨੂੰ ਪੁਸਤਕ ਦਾ ਸਿਰਲੇਖ ਦੇ ਦਿੱਤਾ – "ਦ ਗਿਫਟ ਰੀਲੈਸ਼ਨਸ਼ਿਪ : ਫਰੌਮ ਹਿਊਮਨ ਬਲੱਡ ਟੂ ਸੋਸਲ ਪਾਲਿੱਸੀ" (ਰੈਡੰਮ ਹਾਊਸ) ਜਿਸ ਵਿਚ ਉਹ ਦੱਸਦਾ ਹੈ ਕਿ ਕੁਝ ਮੁਲਕਾਂ ਜਿਵੇਂ ਇੰਗਲੈਂਡ, ਆਸਟ੍ਰੇਲੀਆ, ਫਰਾਂਸ, ਬੈਲਜੀਅਮ, ਹਾਲੈਂਡ, ਫਿਨਲੈਂਡ ਅਤੇ ਜਾਪਾਨ ਵਿਚ ਮਰੀਜ਼ਾਂ ਲਈ ਸਾਰਾ ਖੂਨ ਕੇਵਲ ਇੱਛਤ ਦਾਨੀਆਂ ਰਾਹੀਂ ਹੀ ਪ੍ਰਾਪਤ ਕੀਤਾ ਜਾਂਦਾ ਹੈ। ਅਜਿਹੀ ਪ੍ਰਣਾਲੀ ਵਿਚ ਖੂਨ ਦਾਨੀ ਆਪਣਾ ਖੂਨ ਕਿਸੇ ਵੀ ਖੂਨ-ਬੈਂਕ ਵਿਚ ਜਮ੍ਹਾਂ ਕਰਵਾ ਦਿੰਦਾ ਹੈ ਅਤੇ ਮਰੀਜ਼ਾਂ ਦੀਆਂ ਲੋੜਾਂ ਅਜਿਹੇ ਖੂਨ-ਬੈਂਕ ਪੂਰੀਆਂ ਕਰਦੇ ਹਨ। "ਦ ਅਮਰੀਕਨ ਬੱਲਡ ਕਮਿਸ਼ਨ" ਦੀ ਸਥਾਪਨਾ 1975 ਵਿਚ ਹੋਈ ਜੋ ਏਜੰਸੀਆਂ ਦੀ ਇਕ ਐਸੋਸ਼ੀਏਸ਼ਨ ਸੀ, ਜਿਸ ਦਾ ਮਨੋਰਥ ਇੱਛਤ ਦਾਨੀਆਂ ਵਿਚ ਵਾਧਾ ਕਰਨਾ ਸੀ। ਅੱਜ 90% ਖੂਨ ਦਾ ਸ੍ਰੋਤ ਇੱਛਤ ਖੂਨ ਦਾਨੀਆਂ ਤੋਂ ਹੈ।

### 2.2.6 ਮਰੇ ਹੋਏ ਇਨਸਾਨ ਦੇ ਅੰਗਾਂ ਨੂੰ ਕਢਿਆ ਜਾਣਾ

ਇਕ ਹੋਰ ਮਹੱਤਵਪੂਰਨ ਮਸਲਾ ਹੈ ਕਿ ਕੀ ਮਰੇ ਹੋਏ ਇਨਸਾਨ ਤੋਂ ਅੰਗਾਂ ਨੂੰ ਕੱਢਿਆ ਜਾਣਾ ਚਾਹੀਦਾ ਹੈ ਕਿ ਨਹੀਂ ? ਮਨੋ-ਚਕਿਸਤਾ ਵਿਗਿਆਨੀ ਵਿਲਾਰਡ ਗੇਲਿਨ ਦੱਸਦਾ ਹੈ ਕਿ ਤਕਨਾਲੋਜੀ ਦੀ ਪ੍ਰਗਤੀ ਕਾਰਨ ਅੱਜ ਮਰੇ ਹੋਏ ਮਨੁੱਖ ਦੇ ਕੁਝ ਅੰਗਾਂ ਨੂੰ ਕੱਢਕੇ ਦੂਜੇ ਦੇ ਸਰੀਰ ਅੰਦਰ ਪਾ ਸਕਦੇ ਹਾਂ। 1905 ਤੋਂ ਪਹਿਲਾਂ ਅੱਖਾਂ ਦੇ ਕੋਰਨੀਆਂ ਅੰਗ ਨੂੰ ਕੱਢਕੇ ਦੂਜੇ ਵਿਚ ਕਾਮਯਾਬੀ ਨਾਲ ਤਬਦੀਲ ਨਹੀਂ ਕੀਤਾ ਜਾਂਦਾ ਸੀ। ਪਹਿਲਾਂ ਲਿਵਰ ਇਕ

ਸਰੀਰ ਤੋਂ ਲੈ ਕੇ ਦੂਜੇ ਸਰੀਰ ਵਿਚ ਕਾਮਯਾਬੀ ਨਾਲ 1966 ਵਿਚ ਪਰਿਵਰਿਤਤ ਕੀਤਾ ਗਿਆ। ਇੰਜ ਹੀ 1967 ਵਿਚ ਪਹਿਲੀ ਵਾਰੀ ਦਿਲ ਨੂੰ ਕੱਢਕੇ ਦੂਜੇ ਸਰੀਰ ਵਿਚ ਪਾਇਆ ਗਿਆ। ਤਕਰੀਬਨ ਅੱਜ 80% ਲੋਕ ਅਜਿਹੇ ਅਪਰੇਸ਼ਨ ਤੋਂ ਬਾਅਦ ਕੇਵਲ ਦੋ ਸਾਲ ਜਾਂ ਵੱਧ ਜ਼ਿੰਦਾ ਰਹਿ ਸਕੇ ਹਨ, ਜਦੋਂ 1960 ਵਿਚ ਅਜਿਹਾ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ, ਅਜਿਹਾ ਚੰਗੇਰੀਆਂ ਸਰਜਰੀਕਲ ਤਕਨੀਕਾਂ, ਚੰਗੇਰੀਆਂ ਤੰਤੂ ਮਿਲਾਣ ਯੋਗਤਾਵਾਂ, ਨਵੀਆਂ ਨਸ਼ੀਲੀਆਂ ਦਵਾਈਆਂ ਸਦਕਾ ਹੀ ਸੰਭਵ ਹੋ ਸਕਿਆ ਹੈ। ਦਿਮਾਗੀ ਮੌਤ ਦੇ ਮਾਮਲੇ ਵਿਚ ਮਰੇ ਹੋਏ ਸਰੀਰ ਨੂੰ ਸਾਹ ਲੈਣ ਯੋਗ ਬਣਾਇਆ ਜਾਂਦਾ ਹੈ। ਵਿਅਕਤੀ ਵਿਚ ਖੂਨ ਸੰਚਾਲਨ ਹੁੰਦਾ ਹੈ, ਦਿਲ ਧੜਕਦਾ ਹੈ ਇੰਜ ਅਜਿਹੇ ਸਰੀਰਾਂ ਵਿਚੋਂ ਕੁਝ ਅੰਗ ਕੱਢਕੇ ਹੋਰਨਾਂ ਨੂੰ ਜੀਵਨ ਪ੍ਰਦਾਨ ਕੀਤਾ ਜਾਂਦਾ ਹੈ। ਤਕਰੀਬਨ 25% ਲੋਕ ਦੁਰਘਟਨਾਵਾਂ ਨਾਲ ਜਾਂ ਹੋਰ ਦੂਜੇ ਕਾਰਨਾਂ ਕਰਕੇ ਮਰਦੇ ਹਨ, ਉਹ ਸੰਭਾਵੀ ਅੰਗ-ਦਾਨੀ ਹੁੰਦੇ ਹਨ ਅਤੇ ਉਹਨਾਂ ਦੇ ਅੰਗ ਦੂਜੇ ਵਿਅਕਤੀ ਲਈ ਜੀਵਨ ਦਾ ਕੰਮ ਕਰਦੇ ਹਨ। ਮਰੇ ਹੋਏ ਮਨੁੱਖ ਦੇ ਸਰੀਰ ਵਿਚੋਂ ਵੀ ਕੋਈ ਅੰਗ ਕੱਢਣ ਲਈ ਸੂਚਿਤ ਸਹਿਮਤੀ ਲੈਣੀ ਜ਼ਰੂਰੀ ਹੈ।

ਕੁਦਰਤ ਦੀਆਂ ਵਧੇਰੇ ਕਿਰਿਆਵਾਂ, ਘਟਨਾਵਾਂ ਅਤੇ ਵਸਤੂਆਂ ਮਨੁੱਖ ਦੁਆਲੇ ਕੇਂਦਰਤ ਹਨ। ਇਸ ਲਈ ਮਨੁੱਖ ਉਪਰ ਕਿਸੇ ਵੀ ਪ੍ਰਕਾਰ ਦੇ ਪ੍ਰਯੋਗ ਦੀ ਨੈਤਿਕ ਦ੍ਰਿਸ਼ਟੀ ਤੋਂ ਇਜਾਜ਼ਤ ਨਹੀਂ ਹੈ। ਆਮ ਸ਼ਬਦਾਂ ਵਿਚ ਡਾਕਟਰੀ ਦੇ ਖੇਤਰ ਵਿਚ ਮਨੁੱਖਾਂ ਉਪਰ ਕੀਤੇ ਜਾਂਦੇ ਪ੍ਰਯੋਗਾਂ ਨੂੰ ਮਾਨਵੀ ਪ੍ਰਯੋਗ (Human experimentation) ਕਹਿੰਦੇ ਹਨ। ਜਾਂਚ ਪੜਤਾਲ ਲਈ ਜੈਵਿਕ ਸਿਧਾਂਤ ਨੂੰ ਲਾਗੂ ਕਰਨਾ, ਜਿਸ ਦਾ ਉਦੇਸ਼ ਵਿਅਕਤੀਗਤ ਇਲਾਜ ਨਾ ਹੋ ਕੇ ਗਿਆਨ ਨੂੰ ਸਰਵ-ਵਿਆਪਕ ਬਣਾਉਣਾ ਹੈ, ਨੂੰ "ਮਨੁੱਖ ਉਪਰ ਪ੍ਰਯੋਗ" ਕਹਿੰਦੇ ਹਨ। ਇਹ ਪ੍ਰਯੋਗ ਜੈਵਿਕ ਖੇਤਰ ਵਿਚ ਭਵਿੱਖ ਵਿਚ ਇਕ ਸਿਧਾਂਤ ਵਜੋਂ ਅਪਣਾਏ ਜਾਂਦੇ ਹਨ।

ਪੱਛਮ ਵਿਚ ਸਭ ਤੋਂ ਪਹਿਲਾਂ Epidemics ਜੋ ਪੂਰਨ ਰੂਪ ਵਿੱਚ Hippocratics ਨੂੰ ਸਮਰਥਿਤ ਸੀ, ਨਾਂ ਦਾ ਇਕ ਸਿਧਾਂਤ ਬਣਾਇਆ ਜਿਸ ਵਿਚ ਪਹਿਲੀ ਵਾਰ ਡਾਕਟਰ ਨੂੰ ਮਰੀਜ਼ ਦੀ ਮਦਦ ਕਰਨ ਜਾਂ ਨੁਕਸਾਨ ਨਾ ਪਹੁੰਚਾਣ ਸੰਬੰਧੀ ਕੁਝ ਆਮ ਨਿਰਦੇਸ਼ਨ ਦਿੱਤੇ ਗਏ ਸਨ। ਏਦਾਂ ਦੀ ਗੱਲਾਂ ਹਿੰਦੂ ਅਤੇ ਚੀਨੀ ਡਾਕਟਰੀ ਇਤਿਹਾਸ ਵਿਚ ਵੀ ਮਿਲਦੀਆਂ ਹਨ। ਬਾਅਦ ਵਿਚ ਇਹ ਪ੍ਰਥਾ ਸਾਰੇ ਯੂਰਪ ਵਿਚ ਫੈਲ ਗਈ। 1865 ਵਿਚ ਇਕ ਫਰਾਂਸੀਸੀ ਡਾਕਟਰ ਨੇ ਆਪਣੀ ਪੁਸਤਕ "Introduction to Experimental Medicine ਵਿਚ ਅਜਿਹੀਆਂ ਨਿਰਦੇਸ਼ਨ ਦੇਣ ਵਾਲੀਆਂ ਸਲਾਹਾਂ ਦਾ ਖੂਬ ਜ਼ਿਕਰ ਕੀਤਾ ਹੈ। ਇਹਨਾਂ ਨੂੰ Hippocrates ਦੀਆਂ ਸੋਹਾਂ ਦੇ ਸਮਾਨ ਹੀ ਮੰਨਿਆ ਜਾਂਦਾ ਹੈ। The Nuremberg Code ਨੇ ਵੀ ਮਨੁੱਖਾਂ ਉਪਰ ਕੀਤੇ ਜਾਂਦੇ ਪ੍ਰਯੋਗਾਂ ਉਪਰ ਸਖ਼ਤ ਰੋਕ ਲਗਾਈ ਹੈ ਜੋ ਮਰੀਜ਼ ਦੀ ਮਰਜ਼ੀ ਦੇ ਖਿਲਾਫ਼ ਕੀਤੇ ਜਾਂਦੇ ਸਨ ਅਤੇ ਜਿਹਨਾਂ ਕਰਕੇ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ। The World Medical Association's Declaration of Helsinki ਨੇ ਵੀ ਖੋਜ ਕਰਤਾਵਾਂ ਨੂੰ ਮਨੁੱਖੀ ਮਰੀਜ਼ਾਂ ਨੂੰ ਸੰਭਾਵਨ ਦੀਆਂ ਸਲਾਹਾਂ ਦਿੱਤੀਆਂ ਹਨ ਅਤੇ ਇਹਨਾਂ ਖੋਜਾਂ ਰਾਹੀਂ ਵਾਤਾਵਰਨ ਉਪਰ ਪੈ ਰਹੇ ਪ੍ਰਭਾਵਾਂ ਬਾਰੇ ਵੀ ਚੇਤਾਵਨੀਆਂ ਦਿੱਤੀਆਂ ਹਨ।

### 2.2.7 ਬੈਲਮੌਂਟ ਰਿਪੋਰਟ

1978 ਵਿਚ National Commission for The Protection of Human Subjects of Biomedical and Behavioural Research ਨੇ ਇਕ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਬੈਲਮੌਂਟ ਰਿਪੋਰਟ (Belmont report) ਕਹਿੰਦੇ ਹਨ। ਇਸ ਰਿਪੋਰਟ ਵਿਚ ਕੁਝ ਮਾਨਤਾਵਾਂ ਦਿੱਤੀਆਂ ਗਈਆਂ ਹਨ, ਜਿਵੇਂ ਕਿ ਹਰ ਮਨੁੱਖ ਇਕ ਇਕ ਵਿਅਕਤੀ ਵਿਸ਼ੇਸ਼ ਵਜੋਂ ਸਮਝਿਆ ਜਾਵੇ ਨਾ ਕਿ ਕਿਸੇ ਸਮੂਹ ਦੇ ਹਿੱਸੇ ਵਾਂਗ। ਦੂਜਾ, ਕੋਈ ਵੀ ਮਨੁੱਖ ਪੂਰਨ ਰੂਪ ਵਿਚ ਸਭ ਤੋਂ ਵਧੀਆ ਨਹੀਂ। ਤੀਜਾ, ਨਾ ਹੀ ਕੋਈ ਵੀ ਮਨੁੱਖ ਕਿਸੇ ਉਦੇਸ਼ ਪ੍ਰਾਪਤੀ ਲਈ ਸਾਧਨ ਵਜੋਂ ਵਰਤਿਆ ਜਾ ਸਕਦਾ ਹੈ। ਇਸ ਰਿਪੋਰਟ ਦੇ ਤਿੰਨ ਪ੍ਰਮੁੱਖ ਸਿਧਾਂਤ ਹਨ :

1. ਮਨੁੱਖਾਂ ਦੀ ਇੱਜ਼ਤ : ਮਰੀਜ਼ ਦੀ ਖੁਦ-ਮੁਖਤਾਰੀ
2. ਮਰੀਜ਼ ਦਾ ਭਲਾ
3. ਨਿਆਂ

ਮਰੀਜ਼ ਦੀ ਇੱਜ਼ਤ ਜਾਂ ਖੁਦਮੁਖਤਾਰੀ ਤੋਂ ਭਾਵ ਹੈ ਕਿ ਕਿਸੇ ਇਲਾਜ ਜਾਂ ਪ੍ਰਯੋਗ ਕਰਨ ਤੋਂ ਪਹਿਲਾਂ ਮਰੀਜ਼ ਨੂੰ ਪੂਰੀ ਜਾਣਕਾਰੀ ਦੇ ਕੇ ਉਸ ਤੋਂ ਮੰਨਜ਼ੂਰੀ ਲੈਣੀ ਚਾਹੀਦੀ ਹੈ। ਮਰੀਜ਼ ਨੂੰ ਧੋਖੇ ਵਿਚ ਰੱਖਕੇ ਉਸ ਉਪਰ ਪ੍ਰਯੋਗ ਨਹੀਂ ਕਰਨਾ ਚਾਹੀਦਾ। ਹਰੇਕ ਖੋਜ ਕਰਤਾ ਨੂੰ ਆਪਣੀ ਖੋਜ ਦਾ ਉਦੇਸ਼ ਅਤੇ ਇਸ ਤੋਂ ਮਰੀਜ਼ ਨੂੰ ਹੋਣ ਵਾਲੇ ਨੁਕਸਾਨ ਬਾਰੇ ਪਹਿਲਾਂ ਤੋਂ ਹੀ ਮਰੀਜ਼ ਨੂੰ ਖ਼ਬਰਦਾਰ ਕਰ ਦੇਣਾ ਚਾਹੀਦਾ ਹੈ। ਭਾਵ ਮਰੀਜ਼ ਤੋਂ Informed Consent ਲੈਣੀ ਪਵੇਗੀ। ਜੋ ਮਰੀਜ਼ ਖੁਦ ਅਜਿਹੀ ਮੰਨਜ਼ੂਰੀ ਲੈਣੀ ਹੋਵੇਗੀ। ਖੋਜ ਦੇ ਦੌਰਾਨ ਖੋਜਕਰਤਾ ਨੂੰ ਮਰੀਜ਼ ਦੇ ਭਲੇ ਤੋਂ ਭਾਵ ਹਰ ਖੋਜਕਰਤਾ ਨੂੰ ਖੋਜ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਅਧਿਐਨ ਦਾ ਅਜਿਹਾ ਖਰੜਾ ਤਿਆਰ ਕਰਨਾ ਪਵੇਗਾ, ਕਿ ਪ੍ਰਯੋਗ ਦੌਰਾਨ ਮਰੀਜ਼ ਨੂੰ ਹੋਣ ਵਾਲਾ ਨੁਕਸਾਨ ਘੱਟ ਤੋਂ ਘੱਟ ਹੋਵੇ ਅਤੇ ਉਸ ਪ੍ਰਯੋਗ ਤੋਂ ਲਾਭ ਵੱਧ ਤੋਂ ਵੱਧ ਹੋਵੇ ਕਿਉਂਕਿ ਇਕ ਹੀ ਜਾਣਕਾਰੀ ਲਈ ਬਾਰ-ਬਾਰ ਅਤੇ ਬਹੁਤੇ ਮਰੀਜ਼ਾਂ ਉਪਰ ਪ੍ਰਯੋਗ ਵੀ ਅਨੈਤਿਕ ਹੈ, ਨਿਆਂ ਤੋਂ ਭਾਵ ਦੇਸ਼ ਦੇ ਕਿਸੇ ਵੀ ਸਮਾਜ ਦੇ ਕਿਸੇ ਵੀ ਪ੍ਰਕਾਰ ਦੇ ਲੋਕਾਂ ਉਪਰ ਅਜਿਹੇ ਪ੍ਰਯੋਗ ਕਰਨ ਦੌਰਾਨ ਕਿਸੇ ਵੀ ਪ੍ਰਕਾਰ ਦਾ ਸ਼ੋਸ਼ਣ ਨਹੀਂ ਕੀਤਾ ਜਾਣਾ ਚਾਹੀਦਾ। ਹਰ ਮਰੀਜ਼ ਨਾਲ ਨਿਆਂਪੂਰਨ ਵਿਵਹਾਰ ਹੋਣਾ ਚਾਹੀਦਾ ਹੈ। ਭਾਵ ਉਹਨਾਂ ਦੇ ਆਮ ਅਧਿਕਾਰਾਂ ਦੀ ਪਾਲਣਾ ਹੋਣੀ ਚਾਹੀਦੀ ਹੈ। ਖੋਜ ਰਾਹੀਂ ਹੋਣ ਵਾਲੇ ਫਾਇਦੇ ਨੂੰ ਸਮਾਜ ਦੇ ਹਰ ਵਰਗ ਦੇ ਲੋਕਾਂ ਵਿਚ ਸਮਾਨ ਵੰਡਿਆ ਜਾਣਾ ਚਾਹੀਦਾ ਹੈ।

ਹਰੇਕ ਉਸ ਖੋਜ ਨੂੰ ਆਦਰਸ਼ਾਂ ਦੀ ਕਸੌਟੀ ਉਪਰ ਖ਼ਰਾ ਉਤਰਨਾ ਚਾਹੀਦਾ ਹੈ ਜੋ ਮਨੁੱਖ ਉਪਰ ਪ੍ਰਯੋਗ ਕਰਨਾ ਚਾਹੁੰਦੀ ਹੈ। ਇਸ ਕਸੌਟੀ ਰਾਹੀਂ ਇਸ ਨੂੰ ਪਰਖਿਆ ਜਾਂਦਾ ਹੈ ਕਿ ਸੰਬੰਧਿਤ ਖੋਜ ਮਰੀਜ਼ ਦੀ ਇੱਜ਼ਤ ਭਲੇ ਅਤੇ ਨਿਆਂ ਦੇ ਸਿਧਾਂਤਾਂ ਨੂੰ ਪ੍ਰਵਾਨ ਕਰ ਰਹੀ ਹੈ ਜਾਂ ਨਹੀਂ। ਇਸ ਵਿਚਲੀਆਂ ਛੇ ਕਸੌਟੀਆਂ ਇੰਜ ਹਨ :

(ੳ) ਅਧਿਐਨ ਦੀ ਰੂਪ ਰੇਖਾ ਪੂਰੀ ਤਰ੍ਹਾਂ ਨਾਲ ਪਰਿਭਾਸ਼ਿਤ ਹੋਣੀ ਚਾਹੀਦੀ ਹੈ ਅਤੇ ਉਸ ਵਿਚ ਪਰਿਕਲਪਨਾ ਦੀ ਜ਼ਰਾ ਵੀ ਗੁੰਜਾਇਸ਼ ਨਹੀਂ ਹੋਣੀ ਚਾਹੀਦੀ, ਜਦ ਖੋਜ ਸ਼ੁਰੂ ਹੋ ਜਾਵੇ ਤਾਂ ਸਭ ਬਰਾਬਰ ਹਨ, ਕੋਈ ਵੀ ਉਤਮ ਨਹੀਂ ਹੈ। ਇਹ ਆਦਰਸ਼ ਮਰੀਜ਼ ਦੀ ਸੁਰੱਖਿਆ ਕਰਦਾ ਹੈ। ਇਸ ਨਾਲ ਡਾਕਟਰ ਅਤੇ ਖੋਜ ਕਰਤਾ ਵੀ ਆਪਣੀ ਦੁਬਿੱਧਾ ਤੋਂ ਮੁਕਤ ਹੋ ਜਾਂਦੇ ਹਨ।

(ਅ) ਹਰੇਕ ਖੋਜਕਰਤਾ ਅਤੇ ਉਸਦੇ ਸਹਾਇਕ ਪੂਰੀ ਤਰ੍ਹਾਂ ਕੁਸ਼ਲ ਅਤੇ ਮਾਹਿਰ ਹੋਣੇ ਚਾਹੀਦੇ ਹਨ, ਉਹਨਾਂ ਪਾਸ ਪੂਰਾ ਵਿਗਿਆਨਕ ਗਿਆਨ ਹੋਣਾ ਚਾਹੀਦਾ ਹੈ। ਮਰੀਜ਼ ਨੂੰ ਸਿਹਤ ਸੰਭਾਲ ਦੇਣ ਦੀ ਪੂਰੀ ਸਮਰੱਥਾ ਹੋਣੀ ਚਾਹੀਦੀ ਹੈ।

(ੲ) ਖੋਜ ਦਾ ਅਧਿਐਨ ਮਰੀਜ਼ ਨੂੰ ਨੁਕਸਾਨ ਅਤੇ ਉਸ ਖੋਜ ਰਾਹੀਂ ਹੋਣ ਵਾਲੇ ਫਾਇਦੇ ਦੇ ਸੰਤੁਲਨ ਤੇ ਆਧਾਰਿਤ ਹੋਣਾ ਚਾਹੀਦਾ ਹੈ।

(ਸ) ਹਰੇਕ ਖੋਜਕਰਤਾ ਨੂੰ ਮਰੀਜ਼ ਪਾਸੋਂ ਲਿਖਤੀ ਰੂਪ ਵਿਚ “ਪਹਿਲਾਂ ਦੱਸਣ ਤੇ ਮਿਲੀ ਮੰਨਜ਼ੂਰੀ” ਹੋਣੀ ਚਾਹੀਦੀ ਹੈ। ਇਹ ਮਰੀਜ਼ ਨੂੰ ਇੱਜ਼ਤ ਦੇਣ ਸਬੰਧੀ ਯਕੀਨ ਦੁਆਉਂਦਾ ਹੈ।

(ਹ) ਸੰਬੰਧਿਤ ਮਰੀਜ਼ ਦੀ ਚੋਣ ਵੀ ਸੋਚ ਸਮਝਕੇ ਕੀਤੀ ਜਾਣੀ ਚਾਹੀਦੀ ਹੈ। ਇਹ ਵੀ ਮਰੀਜ਼ ਪ੍ਰਤੀ ਨਿਆਂ ਹੈ। ਅਜਿਹੀ ਚੋਣ ਯੋਗ ਜਨ ਸੰਖਿਆ ਵਿਚੋਂ ਹੋਣੀ ਚਾਹੀਦੀ ਹੈ।

(ਕ) ਨਿਆਂ ਦੇ ਹੀ ਨਾ ਤੇ ਹਰੇਕ ਖੋਜ ਕਰਤਾ ਨੂੰ ਚਾਹੀਦਾ ਹੈ ਕਿ ਖੋਜ ਦੌਰਾਨ ਮਰੀਜ਼ ਨੂੰ ਪਹੁੰਚੀਆਂ ਸੱਟਾਂ ਜਾਂ ਹੋਰ ਪ੍ਰਕਾਰ ਦੇ ਹੋਏ ਨੁਕਸਾਨ ਸੰਬੰਧੀ ਸ਼ੁਕਰਾਨੇ ਵਜੋਂ ਆਰਥਿਕ ਸਹਾਇਤਾ ਦੇਵੇ।

**ਆਪਣੇ ਗਿਆਨ ਦੀ ਪਰਖ ਕਰੋ** :

ਮਾਨਵੀ ਪ੍ਰਯੋਗ ਦੀ ਨੈਤਿਕਤਾ ਬਾਰੇ ਚਰਚਾ ਕਰੋ।

___________________________________________________________________

___________________________________________________________________

___________________________________________________________________

ਸੁੱਖੀ ਮੌਤ ਬਾਰੇ ਵਿਸਥਾਰਪੂਰਵਕ ਚਰਚਾ ਕਰੋ।

___________________________________________________________________

______________________________________________________________________

______________________________________________________________________

ਸੁੱਖੀ ਮੌਤ ਲਈ ਬੁਨਿਆਦੀ ਨੈਤਿਕ ਅਧਾਰਾਂ ਬਾਰੇ ਚਰਚਾ ਕਰੋ।

______________________________________________________________________

______________________________________________________________________

______________________________________________________________________

**2.2.8** ਮਹੱਤਵਪੂਰਨ ਸ਼ਬਦ

**ਸੁੱਖੀ ਮੌਤ (Euhanasia) :** ਅੰਗਰੇਜ਼ੀ ਦਾ ਸ਼ਬਦ 'Euhanasia' ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। 'Eu' ਜਿਸ ਦਾ ਅਰਥ ਸੁੱਖ ਨਾਲ ਅਤੇ 'Thanaaso' ਜਿਸ ਦਾ ਅਰਥ ਮੌਤ ਇੰਝ ਇਸ ਸ਼ਬਦ ਦਾ ਅਰਥ ਸੁੱਖ ਦੀ ਮੌਤ ਜਾਂ ਦਯਾ ਮੌਤ ਹੈ। ਡਾਕਟਰੀ ਦੀ ਭਾਸ਼ਾ ਵਿਚ ਇਸ ਦਾ ਅਰਥ ਰੋਗ ਨਾਲ ਗ੍ਰਹਿਸਤ ਲਾਇਲਾਜ ਰੋਗੀ ਦੀ ਆਪਣੀ ਮਰਜ਼ੀ ਨਾਲ ਮੌਤ ਨਾਲ ਮੰਨਿਆ ਜਾਂਦਾ ਹੈ। ਸੁਖੀ ਮੌਤ ਕਿਸੇ ਮਨੁੱਖ ਨੂੰ ਬਿਨ੍ਹਾਂ ਕਿਸੇ ਦਰਦ ਦੇਣ ਦੇ ਮਾਰਨਾ ਹੈ। ਜੋ ਕਿਸੇ ਏਸੇ ਰੋਗ ਤੋਂ ਪੀੜ੍ਹਤ ਹੈ ਜਿਸ ਦਾ ਇਲਾਜ ਨਹੀਂ ਹੋ ਸਕਦਾ। ਸੁਖੀ ਮੌਤ ਦਾ ਪ੍ਰਚਾਰ ਕੇਵਲ ਵਿਗਿਆਨਿਕ ਯੁੱਗ ਦੀ ਦੇਣ ਨਹੀਂ ਹੈ। ਪੁਰਾਤਨ ਯੂਨਾਨੀ ਦਾਰਸ਼ਨਿਕ ਅਜਿਹਾ ਅਰਥਾਂ ਵਿਚ ਸੋ ਚੁੱਕਦੇ ਸਨ। 'ਮੈਂ ਕਿਸੇ ਨੂੰ ਖੁਸ਼ ਕਰਨ ਲਈ ਜਾਨ-ਲੇਵਾ ਦਵਾਈ ਨਹੀਂ ਲਿਖਾਂਗਾ ਅਤੇ ਨਾ ਹੀ ਏਸਾ ਤੇ ਨਾ ਹੀ ਏਸੀ ਸਲਾਹ ਦੇਵਾਂਗਾ ਜੋ ਉਸ ਦੀ ਮੌਤ ਦਾ ਕਾਰਨ ਬਣੇ।' ਸਮੇਂ ਸਮੇਂ ਖਾਸ ਕਰਕੇ ਮੱਧਕਾਲੀਨ ਅਤੇ ਪੂਰਨ ਜਾਗਰਨ ਸਮੇਂ ਦੌਰਾਨ ਅਤੇ ਸੁੱਖਮਈ ਮੌਤ ਦੇ ਵਿਚਾਰ ਦੀ ਵਿਆਖਿਆ ਕੀਤੀ ਗਈ। ਡਾਕਟਰ ਨਾਂ ਕੇਵਲ ਸਿਹਤ ਨੂੰ ਸੁਧਾਰਨ ਦੇ ਲਈ ਹਨ ਸਗੋਂ ਦਰਦ ਅਤੇ ਚੀਕਾਂ ਨੂੰ ਘੱਟ ਕਰਨ ਲਈ ਵੀ ਹਨ। ਸੁਖਮਈ ਮੌਤ ਨਿਸ਼ਕ੍ਰਿਆਸ਼ੀਲ ਅਤੇ ਕ੍ਰਿਆਸ਼ੀਲ ਸੁਖਮਈ ਮੌਤ ਹੋ ਸਕਦੀ ਹੈ। ਇਸ ਵਿੱਚ ਨੈਤਿਕ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਰੀਜ਼ ਦਾ ਮੌਤ ਮੰਗਣਾ ਨੈਤਿਕ ਹੈ; ਕਿ ਇੱਕ ਮਰੀਜ਼ ਨੂੰ ਮਰਨਾ ਨੈਤਿਕਤਾ ਹੈ ਅਤੇ ਸੁੱਖਮਈ ਮੌਤ ਦੇਣ ਦੇ ਸੰਬੰਧ ਵਿੱਚ ਅੰਤਿਮ ਫੈਸਲਾ ਕੌਣ ਲੈ ਸਕਦਾ ਹੈ। ਇਹ ਪ੍ਰਸ਼ਨ ਅੱਜ ਵੀ ਸਾਡੇ ਸਾਹਮਣੇ ਹਨ।

**ਕ੍ਰਿਆਸ਼ੀਲ ਅਤੇ ਨਿਸ਼ਕਿਰਿਆਸ਼ੀਲ ਸੁੱਖ ਮਈ ਮੌਤ** : ਕੁੱਝ ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਸੁੱਖਮਈ ਮੌਤ ਬਹੁਤ ਜ਼ਰੂਰੀ ਹੈ। ਇਹ ਮੌਤ ਦੇਣ ਦਾ ਫੈਸਲਾ ਕਿਸ ਨੂੰ ਕਰਨਾ ਹੈ, ਸੁੱਖਮਈ ਮੌਤ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਕ੍ਰਿਆਸ਼ੀਲ ਸੁਖਮਈ ਮੌਤ ਨੂੰ ਨੈਤਿਕ ਦੱਸਿਆ ਗਿਆ ਹੈ ਕਿਉਂਕਿ ਇਕ ਮਰੀਜ਼ ਨੂੰ ਉਸ ਦੀ ਆਪਣੀ ਮਰਜ਼ੀ ਦੇ ਅਨੁਸਾਰ ਜ਼ਹਿਰ ਦੇਣਾ ਵੀ ਸਹੀ ਅਰਥਾਂ ਵਿੱਚ ਅਨੈਤਿਕ ਹੈ ਅਜਿਹੀ ਹਾਲਤ ਵਿਚ ਨਿਸ਼ਕ੍ਰਿਆਸ਼ੀਲ ਅਭਾਵ ਹੀ ਯੋਗ ਮੰਨੇ ਜਾਂਦੇ ਹਨ। ਮਰੀਜ਼ ਦੀ ਦੇਖਭਾਲ ਦੇ ਪ੍ਰਤੀ ਯੋਗ ਕੀਤੀਆਂ ਜਾ ਰਹੀਆਂ ਸਵੀਦਾਵਾਂ ਨੂੰ ਹਟਾ ਦਿੱਤਾ ਜਾਂਦਾ ਹੈ ਕਿਸੇ ਅਰਥ ਵਿੱਚ ਇਹ ਸੁੱਖਮਈ ਮੌਤ ਨਹੀਂ ਹੈ ਕਿਉਂਕਿ ਸੁੱਖਮਈ ਮੌਤ ਵਿੱਚ ਮਰੀਜ਼ ਦੇ ਦੁੱਖ ਦਰਦ ਨੂੰ ਦੂਰ ਕਰਨਾ ਹੈ, ਸੁਖਮਈ ਮੌਤ ਹੀ ਅਭਾਵ ਸੰਬੰਧੀ ਨਿਰਣਾ ਲੈਣਾ ਕਠਿਨ ਹੈ।

**ਰੋਗੀ ਦਾ ਸਵੈਸ਼ਾਸ਼ਨ (Autonomy) :** ਰੋਗੀ ਦੀ ਆਪਣੀ ਸਿਹਤ ਅਤੇ ਜੀਵਨ ਦੇ ਪ੍ਰਤੀ ਅਧਿਕਾਰਾਂ ਨੂੰ ਜੈਵਿਕ ਨੀਤੀ ਸ਼ਾਸਤਰ ਦਾ ਇੱਕ ਸਿਧਾਂਤ ਮੰਨਿਆ ਗਿਆ ਹੈ ਜਿਸ ਨੂੰ ਸੁਤੰਤਰਤਾ ਜਾਂ ਸ੍ਵੈਸ਼ਾਸਨ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਸਿਧਾਂਤ ਅਨੁਸਾਰ ਆਪਣੇ ਸਿਹਤ ਅਤੇ ਜੀਵਨ ਦੇ ਪ੍ਰਤੀ ਰੋਗੀ ਦਾ ਆਪਣਾ ਅਧਿਕਾਰ ਹੈ। ਉਹ ਆਪਣੀ ਸਿਹਤ ਪ੍ਰਤੀ ਖੁਦ ਜ਼ਿੰਮੇਵਾਰ ਹੈ, ਹਰੇਕ ਮਨੁੱਖ ਆਪਣੇ ਪ੍ਰਤੀ ਜੋ ਵੀ ਫੈਸਲਾ ਲੈਣਾ ਚਾਹੁੰਦਾ ਹੈ ਉਸ ਦੇ ਲਈ ਉਹ ਬਿਨਾਂ ਕਿਸੇ ਵਿਅਕਤੀ ਦੀ ਦਖਲ ਦੇ ਸੁਤੰਤਰ ਹੈ। ਇੱਕ ਉਦਾਹਰਨ ਇਸ ਸਿਧਾਂਤ ਦੀ ਪਹਿਲਾ ਦੱਸਣ ਤੇ ਮਿਲੀ 'ਮਨਜ਼ੂਰੀ' ਇਸ ਦਾ ਅਰਥ ਹੈ ਕਿ ਮਨੁੱਖ ਨੂੰ ਉਸ ਦੇ ਇਲਾਜ ਦੇ ਬਾਰੇ ਪਹਿਲਾਂ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਕਾਂਤ, ਨਤਿਸ਼ੇਹ, ਸਾਹਰਤੂਰੈ, (RM Hare), ਅਤੇ ਰੋਬਰਟ ਪਾਲ ਵਲਫ਼ ਨੇ ਵੀ ਸਹਿਮਤੀ ਪ੍ਰਗਟ ਕੀਤੀ ਹੈ।

**ਰੋਗੀ ਦੀ ਭਲਾਈ ਦਾ ਸਿਧਾਂਤ** : ਇਸ ਸਿਧਾਂਤ ਵਿੱਚ ਉਹ ਸਭ ਕੁਝ ਸ਼ਾਮਿਲ ਹੈ ਜੋ ਰੋਗੀ ਦੀ ਹਾਨੀ ਉੱਪਰ ਪ੍ਰਤੀਬੰਦ ਦਰਸਾਉਂਦਾ ਹੈ, ਹਾਨੀ ਨੂੰ ਉਖੇੜ ਦਿੰਦਾ ਹੈ ਅਤੇ ਰੋਗੀ ਦੇ ਪ੍ਰਤੀ ਹਰ ਸੰਭਵ ਭਲਾ ਕਰਦਾ ਹੈ। ਕਈ ਤਰ੍ਹਾਂ ਦੀਆਂ ਚਕਿਤਸਿਕ ਕ੍ਰਿਆਵਾਂ ਨੂੰ ਇਹ ਨੈਤਿਕ ਅਧਾਰ ਪ੍ਰਦਾਨ ਕਰਦਾ ਹੈ। ਸਾਰੇ ਡਾਕਟਰ ਅਤੇ ਦੂਜੇ

ਚਕਿਤਸਿਕ ਅਧਿਕਾਰੀ ਰੋਗੀ ਦੀ ਹਾਨੀ ਨੂੰ ਘੱਟ ਤੋਂ ਘੱਟ ਕਰਦੇ ਹਨ। ਬਓ ਚੈਂਮਪ ਰਾਈਲਟਰਸ ਨੇ ਆਪਣੀ ਪੁਸਤਕ Principle of Bio medical Ethics ਵਿੱਚ ਇਸ ਸਿਧਾਂਤ ਦੇ ਹੋਰ ਦੋ ਭਾਗ ਦੱਸੇ ਹਨ।

1. ਰੋਗੀ ਦੀ ਸਕਰਾਤਮਕ ਭਲਾਈ
2. ਉਪਭੋਗਤਾ ਦਾ ਸਿਧਾਂਤ

**ਨਿਆਂ (Justice) :** ਇਹ ਜੈਵਿਕ ਨੀਤੀ ਸ਼ਾਸਤਰ ਦਾ ਅੰਤਿਮ ਅਤੇ ਨੈਤਿਕਤਾ ਦੀ ਪੱਖ ਵਿੱਚ ਬਹੁਤ ਮਹੱਤਵਪੂਰਨ ਸਿਧਾਂਤ ਹੈ ਅਤੇ ਇੱਥੇ ਨਿਆਂ ਦਾ ਸਿਧਾਂਤ ਸਿਹਤ-ਸੁਰੱਖਿਆ ਦੇ ਪ੍ਰਤੀ ਸਾਧਨਾਂ ਦੇ ਉੱਚਿਤ ਖੇਤਰ ਵਿੱਚ ਲਾਗੂ ਹੁੰਦਾ ਹੈ। ਘਾਟ ਦੇ ਸਮੇਂ ਸਾਧਨਾ ਦਾ ਉੱਚਿਤ ਵੰਡ ਹੁੰਦਾ ਹੈ। ਬਊ ਚੈਮਪਨੇ ਇਸ ਨੂੰ ਕਈ ਵਰਗਾਂ ਵਿੱਚ ਵਿਭਾਜਿਤ ਕੀਤਾ ਹੈ ਜਿਵੇਂ ਤੁਲਾਤਮਿਕ ਤੇ ਅਤੁਲਾਤਮਿਕ ਨਿਆਂ, ਪਦਾਰਥਕ ਨਿਆਂ, ਅਤੇ ਵੱਡਾ ਛੋਟਾ ਅਤੇ ਵੱਡੀ ਛੋਟੀ ਵੰਡ ਇੰਝ ਨਿਆਂ ਦਾ ਸਿਧਾਂਤ ਜੈਵਿਕ ਅਤੇ ਡਾਕਟਰੀ ਦੇ ਖੇਤਰ ਵਿੱਚ ਨਿਆਂ ਦੀ ਪੂਰਨ ਰੂਪ ਅਤੇ ਪੂਰਨ ਭਾਵਨਾ ਵਿੱਚ ਲਾਗੂ ਕਰਦਾ ਹੈ। ਜੈਵਿਕ ਨੀਤੀ ਸ਼ਾਸਤਰ ਦੇ ਸਿਧਾਂਤ ਇਸ ਘਾਟ ਨੂੰ ਪੂਰਾ ਕਰਦੇ ਹਨ।

**2.2.9 ਵੱਡੇ ਪ੍ਰਸ਼ਨ:**

1. ਸੁੱਖੀ ਮੌਤ ਬਾਰੇ ਵਿਸਥਾਰਪੂਰਵਕ ਚਰਚਾ ਕਰੋ। ਕਿਰਿਆਸ਼ੀਲ ਅਤੇ ਨਿਸ਼ਕਿਰਿਆਸ਼ੀਲ ਸੁਖੀ ਮੌਤ ਵਿਚਕਾਰ ਅੰਤਰ ਦੱਸੋ।
2. ਸੁੱਖੀ ਮੌਤ ਵਿਚ ਨੈਤਿਕ ਸਮਸਿਆ ਕੀ ਹੈ। ਕੀ ਸੁਖੀ ਮੌਤ ਦੀ ਨੈਤਿਕ ਪੁਸ਼ਟੀ ਕੀਤੀ ਜਾ ਸਕਦੀ ਹੈ? ਆਪਣੇ ਜੁਆਬ ਵਿਚ ਦਲੀਲਾਂ ਦਿਉ।
3. ਸੁੱਖੀ ਮੌਤ ਲਈ ਕੁਝ ਬੁਨਿਆਦੀ ਨੈਤਿਕ ਅਧਾਰਾਂ ਬਾਰੇ ਚਰਚਾ ਕਰੋ।
4. ਮਾਨਵੀ ਪ੍ਰਯੋਗ ਦੀ ਨੈਤਿਕਤਾ ਬਾਰੇ ਚਰਚਾ ਕਰੋ।
5 ਮਾਨਵੀ ਪ੍ਰਯੋਗ ਸਬੰਧੀ ਕਸੌਟੀ ਬਾਰੇ ਚਰਚਾ ਕਰੋ।

**ਛੋਟੇ ਪ੍ਰਸ਼ਨ:**

1. ਖੁਦਮੁਖਤਾਰੀ
2. ਨਿਆਂ
3. ਹਿਪੋਕਰੇਟਕ ਸੌਂਹ
4. ਨਿਊਰੇਮਬਰਗ ਕੋਡ
5. ਬੇਲੱਮੋਂਟ ਰਿਪੋਰਟ।

ਪਾਠ ਨੰ: **2.3** ਲੇਖਕ : ਡਾ. ਜੀ.ਐਸ. ਸੰਧੂ

# ਵਿਗਿਆਪਨਾਂ ਸੰਬੰਧੀ ਨੈਤਿਕ ਮਸਲੇ
# (Ethical Issues of Advertisements)

ਬਣਤਰ

2.3.0 ਉਦੇਸ਼
2.3.1 ਵਿਗਿਆਪਨਾਂ ਸੰਬੰਧੀ ਪਰਿਭਾਸ਼ਾਵਾਂ
2.3.2 ਵਿਗਿਆਪਨਾਂ ਦੀਆਂ ਕਿਸਮਾਂ
    2.3.2.1 ਸੂਚਨਾਪੂਰਵਕ ਵਿਗਿਆਪਨ
    2.3.2.2 ਪ੍ਰੇਰਨਾਮਈ ਵਿਗਿਆਪਨ
    2.3.2.3 ਸੰਸਥਾਗਤ ਵਿਗਿਆਪਨ
    2.3.2.4 ਵਿੱਤੀ ਵਿਗਿਆਪਨ
    2.3.2.5 ਵਰਗੀਕ੍ਰਿਤ ਵਿਗਿਆਪਨ
    2.3.2.6 ਗੌਰਵਮਈ ਵਿਗਿਆਪਨ
2.3.3 ਵਿਗਿਆਪਨਾਂ ਦੀ ਨੀਤੀ ਸ਼ਾਸ਼ਤਰ
    2.3.3.1 ਟੈਲੀਵੀਜ਼ਨ ਅਤੇ ਰੇਡੀਓ
    2.3.3.2 ਪ੍ਰੈਸ
    2.3.3.3 ਸਿਨੇਮਾ
    2.3.3.4 ਹੋਰ ਸਾਧਨ
2.3.4 ਵਿਗਿਆਪਨਾਂ ਦੇ ਇਸਤੇਮਾਲ ਵਿਚ ਵਰਤੀਆਂ ਜਾਣ ਵਾਲੀਆਂ ਜੁਗਤਾਂ
    2.3.4.1 ਬੁਰਾ ਕਹਿਣ ਦੀਆਂ ਜੁਗਤਾਂ
    2.3.4.2 ਆਚਾਰ-ਪੱਤਰ ਜੁਗਤਾਂ
    2.3.4.3 ਸਿੱਧੀਆਂ ਸਾਦੀਆਂ ਲੋਕ ਜੁਗਤਾਂ
    2.3.4.4 ਜੱਥੇਬੰਦਕ ਜੁਗਤਾਂ
    2.3.4.5 ਤੋੜ-ਫੋੜ ਜੁਗਤਾਂ
2.3.5 ਚੰਗੇ ਵਿਗਿਆਪਨ ਦੇ ਗੁਣ
2.3.6 ਵਿਗਿਆਪਨ ਦਾ ਨੀਤੀ ਸ਼ਾਸਤਰ
2.3.7 ਵਿਗਿਆਪਨਾਂ ਦੇ ਬੁਰੇ ਅਸਰ
2.3.8 ਮਹੱਤਵਪੂਰਨ ਸ਼ਬਦ
2.3.9 ਮਹੱਤਵਪੂਰਨ ਪ੍ਰਸ਼ਨ
2.3.10 ਹਵਾਲੇ ਅਤੇ ਤਜਵੀਜ਼ਤ ਪੁਸਤਕਾਂ

**2.3.0 ਉਦੇਸ਼ :**

ਵਿਗਿਆਪਨ ਪ੍ਰਚਾਰ ਦਾ ਪ੍ਰਮੁਖ ਸਰੋਤ ਹਨ ਅਤੇ ਵਿਗਿਆਪਨ ਆਧੁਨਿਕ ਯੁੱਗ ਵਿਚ ਇਕ ਬਹੁਤ ਵੱਡਾ ਧੰਦਾ ਬਣ ਚੁੱਕੇ ਹਨ। ਜਿਸ ਦਾ ਉਦੇਸ਼ ਲੋਕਾਂ ਨੂੰ ਜਾਣਕਾਰੀ ਘਟ ਦੇਣਾ ਅਤੇ ਉਹਨਾਂ ਦੇ ਵਿਚਾਰ ਨੂੰ ਢਾਲਣਾ ਜ਼ਿਆਦਾ ਹੁੰਦਾ ਹੈ। ਵਿਗਿਆਪਨਾਂ ਵਿੱਚ ਅੱਜ ਕੱਲ੍ਹ ਵਾਧੂ ਪੈਸੇ ਅਤੇ ਬੋਲੀਵੁੱਡ ਬੰਬੇ ਦੇ ਸਿਤਾਰਿਆਂ ਦੀ ਭਰਮਾਰ

ਹੁੰਦੀ ਹੈ। ਵਿਗਿਆਪਨ ਦੇ ਨਾਂ ਤੋਂ ਬਹੁਤ ਕੁਝ ਅਨੈਤਿਕ ਹੋ ਰਿਹਾ ਹੈ। ਜਿਥੇ ਸਰਕਾਰ ਨੂੰ ਰੋਕਣ ਦੀ ਲੋੜ ਹੈ। ਉਥੇ ਆਮ ਜਨਤਾ ਨੂੰ ਵੀ ਸੁਚੇਤ ਕਰਨ ਦੀ ਲੋੜ ਹੈ।

ਆਧੁਨਿਕ ਯੁੱਗ ਪ੍ਰਚਾਰ ਦਾ ਯੁਗ ਹੈ। ਵਿਗਿਆਪਨ ਪ੍ਰਚਾਰ ਦਾ ਪ੍ਰਮੁੱਖ ਸ੍ਰੋਤ ਹਨ। ਵਿਗਿਆਪਨਾਂ ਰਾਹੀਂ ਕਿਸੇ ਇਕ ਵਸਤੂ ਦਾ ਬਾਰ-ਬਾਰ ਇਸਤੇਮਾਲ ਕਰਨ ਲਈ ਕਿਹਾ ਜਾਂਦਾ ਹੈ। ਜਿਸ ਨਾਲ ਉਪਭੋਗੀ ਦਾ ਮਨ ਉਸ ਵਿਸ਼ੇਸ਼ ਵਸਤੂ ਪ੍ਰਤੀ ਦਿਸ਼ਾਮਾਨ ਕੀਤਾ ਜਾਂਦਾ ਹੈ। ਹੌਲੀ-ਹੌਲੀ ਲੋਕਾਂ ਨੂੰ ਯਕੀਨ ਹੋ ਜਾਂਦਾ ਹੈ ਕਿ ਉਹੀ ਵਸਤੂ ਸਹੀ ਵਸਤੂ ਹੈ ਅਤੇ ਉਹ ਉਸਦਾ ਇਸਤੇਮਾਲ ਕਰਨ ਲੱਗ ਪੈਂਦੇ ਹਨ। ਇਹ ਸਾਰੀ ਪ੍ਰਕਿਰਿਆ ਸੁਭਾਅ ਵਿੱਚ ਮਨੋਵਿਗਿਆਨਕ ਹੈ ਅਤੇ ਆਰਥਿਕ ਲਾਭ ਉਪਰ ਆਧਾਰਿਤ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਵਿਗਿਆਪਨ ਇਕ ਬਹੁਤ ਵੱਡਾ ਧੰਦਾ ਬਣ ਚੁੱਕੇ ਹਨ ਅਤੇ ਲੱਖਾਂ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਹਨ। ਸ਼ਬਦ 'Advertisement' ਦਾ ਅਰਥ ਕਿਸੇ ਵਸਤੂ ਬਾਰੇ ਕੁਝ ਜਾਣਕਾਰੀ ਦੇਣਾ ਹੈ। ਇਸਦਾ ਸੰਬੰਧ ਵਿਸ਼ੇਸ਼ ਕਿਸਮ ਦੀ ਜਾਣਕਾਰੀ ਨਾਲ ਹੁੰਦਾ ਹੈ ਜਿਸਦਾ ਉਦੇਸ਼ ਲੋਕਾਂ ਦੇ ਵਿਚਾਰ ਨੂੰ ਢਾਲਣਾ ਹੁੰਦਾ ਹੈ। ਵਿਗਿਆਪਨ ਰਾਹੀਂ ਲੋਕੀਂ ਕਿਸੇ ਵਸਤੂ ਬਾਰੇ ਸਾਕਾਰਾਤਮਕ ਜਾਂ ਨਿਖੇਧਾਤਮਕ ਨਜ਼ਰੀਆ ਬਣਾ ਲੈਂਦੇ ਹਨ।

**2.3.1 ਵਿਗਿਆਪਨਾਂ ਸੰਬੰਧੀ ਪਰਿਭਾਸ਼ਾਵਾਂ :**

ਵਿਲੀਅਮ ਵੈਲਬੇਕਰ ਅਨੁਸਾਰ, "ਵਿਗਿਆਪਨ ਪ੍ਰਚਾਰ ਦਾ ਇਕ ਸਾਧਨ ਹਨ ਜੋ ਕਿਸੇ ਵਪਾਰਕ ਸੰਸਥਾਵਾਂ ਦੁਆਰਾ ਦਿੱਤੇ ਜਾਂਦੇ ਹਨ ਤਾਂ ਕਿ ਅਜਿਹੇ ਯਤਨਾ ਰਾਹੀਂ ਲੋਕਾਂ ਦੇ ਵਿਵਹਾਰ ਉਪਰ ਕਾਬੂ ਪਾਇਆ ਜਾ ਸਕੇ।"

ਸੈੱਲਡਨ ਅਨੁਸਾਰ, "ਵਿਗਿਆਪਨ ਸਹਾਈ ਹੁੰਦੇ ਹਨ ਜਿਵੇਂ ਕਿ ਇਹ ਕਿਸੇ ਵਸਤੂ ਦੀ ਵਿਕਰੀ ਵਿਚ ਵਾਧਾ ਕਰਦੇ ਹਨ ਜਿਸ ਨਾਲ ਵਧੇਰੇ ਲਾਭ ਪ੍ਰਾਪਤ ਹੁੰਦਾ ਹੈ।"

ਫਰੈਂਕ ਪ੍ਰੈਸਬੀ ਕਹਿੰਦਾ ਹੈ, "ਪ੍ਰਿੰਟ ਕੀਤਾ, ਲਿਖਿਆ ਹੋਇਆ, ਮੂੰਹ ਜ਼ੁਬਾਨੀ ਜਾਂ ਤਸਵੀਰ ਕਲਾ ਨੂੰ ਵਿਗਿਆਪਨ ਕਿਹਾ ਜਾਂਦਾ ਹੈ। ਇਸਨੂੰ ਅੱਜ ਕਲ ਟੈਲੀਵੀਜ਼ਨ ਉਪਰ ਵੇਖਿਆ ਜਾ ਸਕਦਾ ਹੈ।

ਇਨ੍ਹਾਂ ਪਰਿਭਾਸ਼ਾਵਾਂ ਤੋਂ ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਵਿਗਿਆਪਨ ਸਮੁੱਚੇ ਰੂਪ ਵਿਚ ਇਕ ਬਿਜਨੈਸ ਤਕਨੀਕ ਹੈ ਜਿਸਦਾ ਉਦੇਸ਼ ਵੱਧ ਤੋਂ ਵੱਧ ਵਿਕਰੀ ਅਤੇ ਮੁਨਾਫ਼ਾ ਹੈ। ਵਿਗਿਆਪਨ ਦੇ ਅਲੱਗ-ਅਲੱਗ ਸਾਧਨਾਂ ਜਿਵੇਂ ਟੈਲੀਵੀਜ਼ਨ, ਅਖਬਾਰਾਂ, ਮੈਗਜ਼ੀਨਾਂ ਰਾਹੀਂ ਕਿਸੇ ਵਸਤੂ ਦਾ ਵਿਗਿਆਪਨ ਦਿੱਤਾ ਜਾਂਦਾ ਹੈ ਅਤੇ ਉਪਭੋਗੀ ਉਪਰ ਮਾਨਸਿਕ ਅਸਰ ਪੈਂਦਾ ਹੈ। ਵਿਗਿਆਪਨਾਂ ਦਾ ਉਦੇਸ਼ ਆਮ ਰਾਇ ਬਦਲਣ ਅਤੇ ਆਮ ਜਨਤਾ ਨੂੰ ਸੁਨੇਹਾ ਦੇਣਾ ਹੁੰਦਾ ਹੈ ਕਿ ਉਹ ਵਿਗਿਆਪਨ ਦੁਆਰਾ ਦੱਸੀ ਗਈ ਵਸਤੂ ਨੂੰ ਇਸਤੇਮਾਲ ਕਰੇ। ਸਾਰੇ ਲੋਕਾਂ ਦੀ ਬੁੱਧੀ ਇਕਸਾਰ ਨਹੀਂ ਹੁੰਦੀ ਅਤੇ ਬਹੁਤੇ ਲੋਕ ਮਜ਼ਬੂਤ ਮਨਾਂ ਵਾਲੇ ਨਹੀਂ ਹੁੰਦੇ, ਅਜਿਹੇ ਲੋਕਾਂ ਦੀ ਰਾਇ ਨੂੰ ਤਬਦੀਲ ਕਰਨਾ ਆਸਾਨ ਹੁੰਦਾ ਹੈ। ਕਈ ਵਾਰ ਵਿਗਿਆਪਨਾਂ ਵਿਚ ਵਰਤੀ ਗਈ ਭਾਸ਼ਾ ਬੜੇ ਸੋਹਜ ਵਾਲੀ, ਲੋਕਾਂ ਨੂੰ ਖੁਸ਼ ਕਰਨ ਵਾਲੀ ਵਰਤੀ ਜਾਂਦੀ ਹੈ, ਉਹ ਜਲਦੀ ਹੀ ਉਸੇ ਨੂੰ ਸਵੀਕਾਰ ਕਰ ਲੈਂਦੇ ਹਨ ਜੋ ਵਿਗਿਆਪਨ-ਕਰਤਾ ਚਾਹੁੰਦਾ ਹੈ।

ਇੰਜ ਵਿਗਿਆਪਨ ਮਨੁੱਖੀ ਵਿਵਹਾਰ ਨੂੰ ਕੰਟਰੋਲ ਕਰਨ ਅਤੇ ਸੰਗਠਨ ਕਰਨ ਵਿਚ ਸਹਾਈ ਹੁੰਦੇ ਹਨ। ਅਜਿਹੇ ਗਿਆਨ ਦਾ ਇਸਤੇਮਾਲ ਵਸਤੂਆਂ ਦੇ ਵਿਕਰੇਤਾ ਲੋਕ ਕਰਦੇ ਹਨ ਤਾਂ ਕਿ ਉਹ ਲੋਕਾਂ ਨੂੰ ਆਸਾਨੀ ਨਾਲ ਵੇਚਕੇ ਜ਼ਿਆਦਾ ਮੁਨਾਫ਼ਾ ਕਮਾ ਸਕਣ। ਵਿਗਿਆਪਨਾਂ ਦੀ ਦੁਨੀਆਂ ਵਿਚ ਉਪਭੋਗਤਾ ਦੀ ਰੁੱਚੀ ਸੈਕੰਡਰੀ ਹੁੰਦੀ ਹੈ ਪਰੰਤੂ ਵਸਤੂ ਦੇ ਉਤਪਾਦਕ ਦੀ ਰੁੱਚੀ ਵਧੇਰੇ ਮਹੱਤਵਪੂਰਨ ਹੁੰਦੀ ਹੈ।

ਵਿਗਿਆਪਨਾਂ ਦੀਆਂ ਕਈ ਕਿਸਮਾਂ ਹੋ ਸਕਦੀਆਂ ਹਨ ਜਿਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

**2.3.2 ਵਿਗਿਆਪਨਾਂ ਦੀਆਂ ਕਿਸਮਾਂ**

**2.3.2.1 ਸੂਚਨਾਪੂਰਵਕ ਵਿਗਿਆਪਨ**: ਇਨ੍ਹਾਂ ਵਿਗਿਆਪਨਾਂ ਦਾ ਉਦੇਸ਼ ਲੋਕਾਂ ਨੂੰ ਅਜਿਹੇ ਢੰਗ ਨਾਲ ਸਿਖਿਅਤ ਕਰਨਾ ਹੁੰਦਾ ਹੈ ਕਿ ਉਨ੍ਹਾਂ ਦੇ ਰਹਿਣ-ਸਹਿਣ ਦੇ ਢੰਗ ਵਿਚ ਬੇਹਤਰੀ ਹੋ ਜਾਵੇ ਅਤੇ ਜਿਸ ਨਾਲ ਉਨ੍ਹਾਂ ਦਾ ਸਭਿਆਚਾਰਕ, ਬੌਧਿਕ ਅਤੇ ਅਧਿਆਤਮਕ ਵਿਕਾਸ ਹੁੰਦਾ ਹੈ। ਇਨ੍ਹਾਂ ਵਿਗਿਆਪਨਾਂ ਦਾ ਦੂਜਾ ਉਦੇਸ਼ ਕੁਝ ਤਤਕਾਲ ਸਮੱਸਿਆਵਾਂ ਪ੍ਰਤੀ ਜਾਗਰੂਪਤਾ ਪੈਦਾ ਕਰਨੀ ਹੁੰਦਾ

ਹੈ। ਇਨ੍ਹਾਂ ਰਾਹੀਂ ਲੋਕਾਂ ਅੰਦਰ ਸਮਾਜ-ਸੇਵਾ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ।

**2.3.2.2 ਪ੍ਰੇਰਨਾਮਈ ਵਿਗਿਆਪਨ:** ਇਹ ਵਿਗਿਆਪਨ ਸੁਭਾਅ ਵਿਚ ਪੂਰਨ ਤੌਰ ਤੇ ਧੰਦੇ ਸੰਬੰਧੀ ਹੁੰਦੇ ਹਨ। ਇਨ੍ਹਾਂ ਦਾ ਇਕੋ ਇਕ ਉਦੇਸ਼ ਕਿਸੇ ਵਿਸ਼ੇਸ਼ ਵਸਤੂ ਦੀ ਵਿਕਰੀ ਵਿਚ ਵਾਧਾ ਕਰਨਾ ਹੀ ਹੁੰਦਾ ਹੈ।

**2.3.2.3 ਸੰਸਥਾਗਤ ਵਿਗਿਆਪਨ:** ਬਹੁਤ ਵੱਡੀਆਂ-ਵੱਡੀਆਂ ਉਦਯੋਗਿਕ ਇਕਾਈਆਂ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਵੀ ਆਪਣੇ ਵਿਗਿਆਪਨਾਂ ਰਾਹੀਂ ਆਪਣੀ ਵਿਕਰੀ ਦੇ ਵਾਧੇ ਲਈ ਉਪਭੋਗੀਆਂ ਦਾ ਵਿਸ਼ਵਾਸ ਜਿੱਤਣ ਦੀ ਕੋਸ਼ਿਸ਼ ਕਰ ਰਹੀਆਂ ਹਨ।

**2.3.2.4 ਵਿੱਤੀ ਵਿਗਿਆਪਨ:** ਵੱਖ-ਵੱਖ ਕੰਪਨੀਆਂ ਆਪਣੇ ਵਿੱਤੀ ਪ੍ਰਬੰਧਾਂ ਨਾਲ ਸੰਬੰਧਤ ਵਿਗਿਆਪਨ ਦਿੰਦੀਆਂ ਹਨ ਤਾਂ ਕਿ ਉਨ੍ਹਾਂ ਦੇ ਸ਼ੇਅਰਾਂ ਦੀ ਵਿਕਰੀ ਵਿਚ ਵਾਧਾ ਹੋ ਸਕੇ।

**2.3.2.5 ਵਰਗੀਕ੍ਰਿਤ ਵਿਗਿਆਪਨ:** ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਕੁਝ ਛੋਟੇ ਛੋਟੇ ਵਿਗਿਆਪਨ ਦਿਤੇ ਜਾਂਦੇ ਹਨ ਤਾਂ ਕਿ ਲੋਕਾਂ ਨੂੰ ਵਿਆਹਾਂ, ਮੌਤਾਂ, ਨੌਕਰੀਆਂ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

**2.3.2.6 ਗੌਰਵਮਈ ਵਿਗਿਆਪਨ:** ਕਈ ਰਾਜਨੀਤਕ ਪਾਰਟੀਆਂ ਆਪਣੇ ਗੌਰਵ ਨੂੰ ਵਧਾਉਣ ਲਈ ਵਿਗਿਆਪਨ ਦਿੰਦੀਆਂ ਹਨ। ਮਿਸਾਲ ਵਜੋਂ ਚੋਣਾਂ ਦੇ ਦੌਰਾਨ ਹਰੇਕ ਪਾਰਟੀ ਆਪਣੇ ਚੋਣ ਮੈਨੀਫੈਸਟੋ ਨੂੰ ਵਧੀਆ ਢੰਗ ਨਾਲ ਪ੍ਰਿੰਟ ਕਰਵਾ ਕੇ ਲੋਕਾਂ ਵਿਚ ਵੰਡਦੀ ਹੈ। ਲੋਕਾਂ ਨੂੰ ਦਿਲ-ਖਿਚਵੇਂ ਵਾਅਦੇ ਕਰਕੇ ਵੋਟਾਂ ਆਪਣੀ ਪਾਰਟੀ ਲਈ ਮੰਗਦੀਆਂ ਹਨ ਤਾਂ ਕਿ ਉਨ੍ਹਾਂ ਦੀ ਪਾਰਟੀ ਜਿੱਤ ਹਾਸਲ ਕਰ ਸਕੇ। ਇਨ੍ਹਾਂ ਤੋਂ ਇਲਾਵਾ ਦਿਨ-ਬ-ਦਿਨ ਨਵੇਂ ਨਵੇਂ ਵਿਗਿਆਪਨ ਵੇਖਣ ਨੂੰ ਮਿਲ ਰਹੇ ਹਨ।

**2.3.3 ਵਿਗਿਆਪਨਾਂ ਦੇ ਸਾਧਨ:** ਉਹ ਸਾਧਨ ਜਿਨ੍ਹਾਂ ਰਾਹੀਂ ਲੱਖਾਂ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਕੇ ਕਿਸੇ ਵਿਸ਼ੇਸ਼ ਵਸਤੂ ਦੀ ਵਿਕਰੀ ਕੀਤੀ ਜਾਂਦੀ ਹੈ, ਨੂੰ ਵਿਗਿਆਪਨਾਂ ਦੇ ਸਾਧਨ ਕਿਹਾ ਜਾਂਦਾ ਹੈ। ਇਨ੍ਹਾਂ ਸਾਧਨਾਂ ਵਿਚੋਂ ਪ੍ਰਮੁੱਖ ਸਾਧਨ ਇਹ ਹਨ :

**2.3.3.1 ਟੈਲੀਵੀਯਨ ਅਤੇ ਰੇਡੀਓ:-** ਆਧੁਨਿਕ ਯੁੱਗ ਵਿਚ ਟੈਲੀਵੀਜ਼ਨ ਸਭ ਤੋਂ ਵੱਧ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਵਿਗਿਆਪਨ ਦਾ ਸਾਧਨ ਹੈ। ਰੇਡੀਓ ਵੀ ਵਿਗਿਆਪਨਾਂ ਦਾ ਸਾਧਨ ਹੈ। ਇਨ੍ਹਾਂ ਸਾਧਨਾਂ ਰਾਹੀਂ ਗਾਣਿਆਂ, ਕਵਿਤਾਵਾਂ, ਲੈਕਚਰਾਂ ਜਾਂ ਕਮੇਟੀਆਂ ਦੁਆਰਾ ਕਿਸੇ ਵਿਸ਼ੇਸ਼ ਵਸਤੂ ਦੀ ਵਿਕਰੀ ਦੇ ਵਾਧੇ ਲਈ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ। ਟੈਲੀਵੀਜ਼ਨ ਦੇ ਆਉਣ ਨਾਲ ਦੂਜੇ ਵਿਗਿਆਪਨਾਂ ਦੇ ਸਾਧਨਾਂ ਵਿਚ ਕਮੀ ਆਈ ਹੈ। ਘੱਟੋ ਘੱਟ 100 ਦੇ ਲਗਭਗ ਚੈਨਲ ਟੀ.ਵੀ. ਉੱਪਰ ਦਿੱਤੇ ਜਾ ਰਹੇ ਹਨ ਅਤੇ ਕ੍ਰੋੜਾਂ ਵਿਅਕਤੀ ਟੀ.ਵੀ. ਨੂੰ ਵੇਖਣ ਦਾ ਆਨੰਦ ਮਾਣ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿਚ ਵਿਗਿਆਪਨਾਂ ਦੀ ਭਰਮਾਰ ਹੁੰਦੀ ਹੈ। ਵੱਖ-ਵੱਖ ਚੈਨਲਾਂ ਉਪਰ ਦਿਖਾਏ ਗਏ ਵਿਗਿਆਪਨਾਂ ਉਪਰ 1973 ਵਿਚ 30 ਕਰੋੜ ਦਾ ਖਰਚਾ ਆਇਆ ਜਦੋਂ ਕਿ 1994 ਵਿਚ ਵਿਗਿਆਪਨਾਂ ਉਪਰ ਤਕਰੀਬ, 370 ਕਰੋੜ ਰੁਪਈਏ ਖਰਚੇ ਗਏ। ਅਜ ਕਲ ਤਾਂ ਇਸਤੇ ਕਿਤੇ ਵੱਧ ਪੈਸੇ ਵਿਗਿਆਪਨਾਂ ਉਪਰ ਖਰਚੇ ਜਾਂਦੇ ਹਨ।

**2.3.3.2 ਪ੍ਰੈਸ:** ਟੈਲੀਵੀਜ਼ਨ ਤੋਂ ਬਾਅਦ ਪ੍ਰੈਸ ਵਿਗਿਆਪਨਾਂ ਲਈ ਦੂਜਾ ਸ਼ਕਤੀਸ਼ਾਲੀ ਮਾਧਿਅਮ ਹੈ। ਵਸਤੂਆਂ ਦੀ ਬੇਹਤਰ ਵਿਕਰੀ ਦੇ ਵਾਧੇ ਲਈ ਅਖ਼ਬਾਰਾਂ ਅਤੇ ਮੈਗਜ਼ੀਨ ਬਹੁਤ ਹੀ ਪ੍ਰਭਾਵਸ਼ਾਲੀ ਸਾਧਨ ਹੈ। ਭਾਵੇਂ ਰਸਾਲੇ ਰੋਜ਼ਾਨਾ ਹੋਣ, ਹਫਤਾਵਾਰੀ ਜਾਂ ਮਹੀਨੇ ਵਾਲੇ ਸਾਰੇ ਹੀ ਵਿਗਿਆਪਨਾਂ ਨਾਲ ਭਰੇ ਪਏ ਹੁੰਦੇ ਹਨ।

**2.3.3.3 ਸਿਨੇਮਾ:** ਪ੍ਰੈਸ ਦੇ ਨਾਲ-ਨਾਲ ਸਿਨੇਮੇ ਵਿਚ ਵੀ ਕੁਝ ਡਾਕੂਮੈਂਟਰੀਆਂ ਰਾਹੀਂ ਸੰਦੇਸ਼ ਲੋਕਾਂ ਤਕ ਪਹੁੰਚਾਇਆ ਜਾਂਦਾ ਹੈ। ਇਸ ਤੋਂ ਕੁਝ ਸਲਾਈਡਾਂ ਬਣਾਕੇ ਵੀ ਦਿਖਾਈਆਂ ਜਾਂਦੀਆਂ ਹਨ।

**2.3.3.4** ਇਨ੍ਹਾਂ ਤੋਂ ਇਲਾਵਾ ਪ੍ਰਦਰਸ਼ਨੀਆਂ ਲਗਾਕੇ, ਪੈਂਫਲਿਟਾਂ ਰਾਹੀਂ, ਸਟਿਕਰਾਂ ਅਤੇ ਬੈਨਰਾਂ ਰਾਹੀਂ ਵੀ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਹੈ। ਕਈ ਵਾਰ ਤਾਂ 10% ਤੋਂ 20% ਇਥੋਂ ਤਕ ਕਿ

50% ਤਕ ਵੀ ਕੀਮਤਾਂ ਘਟਾਕੇ ਵਸਤੂਆਂ ਵੇਚੀਆਂ ਜਾਂਦੀਆਂ ਹਨ ਇਸ ਤੋਂ ਇਲਾਵਾ ਅੱਜ ਕਲ ਇਹ ਵਿਗਿਆਪਨ ਵੀ ਦਿਤੇ ਜਾਂਦੇ ਹਨ ਕਿ ਜੇ ਉਪਭੋਗੀ 2 ਵਸਤੂਆਂ ਖਰੀਦੇਗਾ ਤਾਂ ਇਕ ਹੋਰ ਮੁਫ਼ਤ ਦਿਤੀ ਜਾਵੇਗੀ।

ਵਿਗਿਆਪਨ ਤਿਆਰ ਕਰਨਾ ਵੀ ਇਕ ਕਲਾ ਹੈ। ਨਵੇਂ-ਨਵੇਂ ਵਿਚਾਰ, ਨਵੀਆਂ-ਨਵੀਆਂ ਤਕਨੀਕਾਂ ਹੋਂਦ ਵਿਚ ਆਈਆਂ ਹਨ। ਵਿਗਿਆਪਨ ਤਿਆਰ ਕਰਵਾਉਣ ਲਈ ਕਲਾਕਾਰ, ਫੋਟੋਗ੍ਰਾਫ਼ਰ ਅਤੇ ਡਾਇਰੈਕਟਰ ਆਦਿ ਸਾਰੇ ਰੋਲ ਅਦਾ ਕਰਦੇ ਹਨ। ਵਿਗਿਆਪਨਾਂ ਦੇ ਉਦੇਸ਼ ਮੁੱਖ ਰੂਪ ਵਿਚ ਇਹ ਹੁੰਦੇ ਹਨ:

(i) ਵਸਤੂ ਬਾਰੇ ਚੇਤਨਾ ਪ੍ਰਦਾਨ ਕਰਨੀ।

(ii) ਵਸਤੂ ਬਾਰੇ ਖਰੀਦਦਾਰਾਂ ਵਿਚ ਰੁੱਚੀ ਪੈਦਾ ਕਰਨਾ।

(iii) ਵਸਤੂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣੀ।

(iv) ਵਿਗਿਆਪਨਾਂ ਨੂੰ ਬਾਰ-ਬਾਰ ਦਿਖਾਉਣਾ ਤਾਂ ਕਿ ਲੋਕੀਂ ਆਖਰਕਾਰ ਇਸਦੀ ਪ੍ਰਸੰਸਾ ਕਰਨ।

(v) ਲੋਕਾਂ ਵਿਚ ਮਨੋਵਿਗਿਆਨਕ ਦਿਲਚਸਪੀ ਪੈਦਾ ਕਰਨੀ ਤਾਂ ਕਿ ਉਹ ਵਿਸ਼ੇਸ਼ ਵਸਤੂ ਨੂੰ ਖਰੀਦ ਲੈਣ।

ਯਾਰਾ ਇਕ ਪ੍ਰਸਿੱਧ ਵਿਦਵਾਨ ਵਿਗਿਆਪਨ ਰਾਹੀਂ ਪ੍ਰਚਾਰ ਕਰਨ ਦੇ ਚਾਰ ਆਧਾਰ ਦੱਸਦਾ ਹੈ ਜਿਵੇਂ ਇਕ ਉਦੇਸ਼ ਹੋਣਾ, ਸੰਕੇਤਕ ਹੋਣਾ, ਵਿਚਾਰ ਦੇਣ ਦੀ ਕਲਾ ਅਤੇ ਮਨੋਵਿਗਿਆਨਕ ਹੋਣਾ।

**2.3.4 ਵਿਗਿਆਪਨਾਂ ਦੇ ਇਸਤੇਮਾਲ ਵਿਚ ਵਰਤੀਆਂ ਜਾਣ ਵਾਲੀਆਂ ਜੁਗਤਾਂ** :

ਅਮਰੀਕਨ ਵਿਗਿਆਨ ਵਿਸ਼ਲੇਸ਼ਣ ਸੰਸਥਾ ਨੇ ਇਹਨਾਂ ਅਲੱਗ-ਅਲੱਗ ਤਕਨੀਕਾਂ ਦੀ ਸੂਚੀ ਦਿਤੀ ਹੈ ਜਿਨ੍ਹਾਂ ਜੁਗਤਾਂ ਦਾ ਇਸਤੇਮਾਲ ਵਿਗਿਆਪਨ ਪੈਦਾ ਕਰਨ ਵਿਚ ਵਰਤਿਆਂ ਜਾਂਦਾ ਹੈ ਜੋ ਇੰਜ ਹਨ:

**2.3.4.1 ਬੁਰਾ ਕਹਿਣ ਦੀਆਂ ਜੁਗਤਾਂ**: ਕਿਸੇ ਵਿਸ਼ੇਸ਼ ਵਸਤੂ ਦੀ ਵਿਕਰੀ ਦੇ ਵਾਧੇ ਲਈ ਉਸਦੇ ਗੁਣਾਂ ਦਾ ਗਾਣ ਕੀਤਾ ਜਾਂਦਾ ਹੈ ਅਤੇ ਦੂਜੇ ਦੀ ਵਸਤੂ ਦੇ ਔਗੁਣਾਂ ਦਾ ਅਲਾਪ ਕੀਤਾ ਜਾਂਦਾ ਹੈ। ਮਿਸਾਲ ਵਜੋਂ ਲੋਕਾਂ ਦੀਆਂ ਵੋਟਾਂ ਆਪਣੇ ਹੱਕ ਵਿਚ ਪਵਾਉਣ ਲਈ ਨੇਤਾ ਲੋਕ ਅਜਿਹੇ ਪ੍ਰਚਾਰ ਦਾ ਇਸਤੇਮਾਲ ਕਰਦੇ ਹਨ।

**2.3.4.2 ਆਚਾਰ-ਪੱਤਰ ਜੁਗਤਾਂ**: ਅਜਿਹੇ ਵਿਗਿਆਪਨ ਰਾਹੀਂ ਕਿਸੇ ਵਸਤੂ ਬਾਰੇ ਕਿਸੇ ਪ੍ਰਸਿੱਧ ਵਿਅਕਤੀ ਦੁਆਰਾ ਪ੍ਰਸ਼ੰਸਾ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਵੇਂ ਅਜ ਕੱਲ ਬਹੁਤ ਸਾਰੀਆਂ ਵਸਤੂਆਂ ਦਾ ਵਿਗਿਆਪਨ ਅਮਿਤਾਬ ਬਚਨ ਅਤੇ ਸਚਿੱਨ ਕਰ ਰਹੇ ਹਨ। ਪੈਪਸੀ ਅਤੇ ਕੋਕਾ ਕੋਲਾ ਨੂੰ ਸ਼ੁੱਧ ਅਤੇ ਸਿਹਤਮੰਦ ਦੱਸਣ ਲਈ ਹੇਮਾ ਮਾਲਿਨੀ ਅਤੇ ਅਮੀਰ ਖਾਨ ਵਲੋਂ ਵਿਗਿਆਪਨ ਦਿਤੇ ਜਾ ਰਹੇ ਹਨ। ਇਹਨਾਂ ਹਸਤੀਆਂ ਨੂੰ ਵੇਖਕੇ ਲੋਕੀਂ ਵੀ ਉਂਜ ਹੀ ਕਰਨ ਲੱਗ ਪੈਂਦੇ ਹਨ।

**2.3.4.3 ਸਿੱਧੀਆਂ ਸਾਦੀਆਂ ਲੋਕ ਜੁਗਤਾਂ**: ਆਮ ਲੋਕਾਂ ਦੇ ਵਿਸ਼ਵਾਸ ਨੂੰ ਜਿੱਤਣ ਲਈ ਉਨ੍ਹਾਂ ਦੀ ਭਾਸ਼ਾ ਅਤੇ ਸਭਿਆਚਾਰ ਦਾ ਪ੍ਰਯੋਗ ਕਰਦੇ ਹੋਏ ਵਿਗਿਆਪਨ ਬਣਾਏ ਜਾਂਦੇ ਹਨ।

**2.3.4.4 ਜੱਥੇਬੰਦਕ ਜੁਗਤਾਂ**: ਕਈ ਵਾਰ ਵਿਗਿਆਪਨਾਂ ਰਾਹੀਂ ਦੱਸਿਆ ਜਾਂਦਾ ਹੈ ਕਿ ਜੋ ਵਿਚਾਰ ਹੈ ਉਹ ਕਿਸੇ ਵਿਸ਼ੇਸ਼ ਵਿਅਕਤੀ ਦਾ ਨਹੀਂ ਸਗੋਂ ਆਮ ਜਨਤਾ ਦਾ ਹੈ।

**2.3.4.5 ਤੋੜ-ਫੋੜ ਜੁਗਤਾਂ**: ਕਈ ਵਾਰ ਵਿਗਿਆਪਨਾਂ ਵਿਚ ਤੱਥਾਂ ਨੂੰ ਏਵੇਂ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਕਿ ਲੋਕੀਂ ਸਹੀ ਅਰਥ ਸਮਝਣ ਤੋਂ ਅਸਮਰਥ ਰਹਿੰਦੇ ਹਨ। ਮਿਸਾਲ ਵਜੋਂ ਕਿਸੇ ਵਿਗਿਆਪਨ ਦੇ ਮੁੱਖ ਵਿਚਾਰ ਦੀ ਨਕਲੀ ਵਸਤੂ ਵੇਚਣ ਲਈ ਉਸਦੀ ਨਕਲ ਕੀਤੀ ਜਾਂਦੀ ਹੈ। ਕੁਝ ਮਾਮੂਲੀ ਹੇਰ ਫੇਰ ਕਰਕੇ ਲੋਕਾਂ ਨੂੰ ਬੇਵਕੂਫ਼ ਬਣਾਇਆ ਜਾਂਦਾ ਹੈ।

**2.3.5 ਚੰਗੇ ਵਿਗਿਆਪਨ ਦੇ ਗੁਣ** :

ਇਹਨਾਂ ਤੋਂ ਇਲਾਵਾ ਵਾਦ-ਵਿਵਾਦਾਂ ਰਾਹੀਂ, ਭਾਸ਼ਣ ਪ੍ਰਤੀਯੋਗਤਾਵਾਂ ਰਾਹੀਂ ਵੀ ਪ੍ਰਚਾਰ ਕੀਤਾ ਜਾਂਦਾ ਹੈ। ਇਕ ਚੰਗੇ ਵਿਗਿਆਪਨ ਦੇ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

1. ਇਹ ਰੋਚਕ ਹੋਣਾ ਚਾਹੀਦਾ ਹੈ। ਵਿਗਿਆਪਨ ਦੀ ਪਹਿਲੀ ਸਤਰ ਜ਼ਰੂਰ ਹੀ ਦਿਲਚਸਪ ਹੋਣੀ ਚਾਹੀਦੀ ਹੈ ਤਾਂ ਕਿ ਇਹ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਲਵੇ।

2. ਵਿਗਿਆਪਨ ਦੀ ਪੇਸ਼ਕਾਰੀ ਖ਼ਾਸ ਅੰਦਾਜ਼ ਵਿਚ ਹੋਣੀ ਚਾਹੀਦੀ ਹੈ। ਮਿਸਾਲ ਵਜੋਂ ਕੇਵਲ ਹਾਰਪਿਕ (Harpic) ਹੀ ਪੈਖਾਨੇ ਨੂੰ ਸਾਫ਼ ਕਰ ਸਕਦਾ ਹੈ ਅਤੇ ਚਿੱਟੇ ਦੰਦਾਂ ਵਾਂਗ ਚਮਕਾ ਸਕਦਾ ਹੈ ਜਾਂ ਸਰਫ਼ (Surf) ਹੀ ਸਹੀ ਕਪੜੇ ਧੋ ਸਕਦਾ ਹੈ।
3. ਵਿਗਿਆਪਨ ਸਾਧਾਰਨ ਅਤੇ ਦਿਲ-ਖਿੱਚਵੇਂ ਹੋਣੇ ਚਾਹੀਦੇ ਹਨ।
4. ਵਿਗਿਆਪਨ ਸੰਖੇਪ ਹੋਣੇ ਚਾਹੀਦੇ ਹਨ ਪਰੰਤੂ ਰੌਚਕ ਜ਼ਰੂਰ ਹੋਣੇ ਚਾਹੀਦੇ ਹਨ।
5. ਵਿਗਿਆਪਨਾਂ ਰਾਹੀਂ ਸੰਦੇਸ਼ ਸੱਚਾ ਅਤੇ ਭਰੋਸੇਯੋਗ ਹੋਣਾ ਚਾਹੀਦਾ ਹੈ। ਮਿਸਾਲ ਵਜੋਂ ਇਹ ਸੰਦੇਸ਼ ਹੋਣਾ ਚਾਹੀਦਾ ਹੈ "ਪਹਿਲਾਂ ਵਰਤ ਕੇ ਵੇਖੋ ਫਿਰ ਖਰੀਦੋ।"
6. ਭਾਸ਼ਾ ਵਿਗਿਆਪਨਾਂ ਵਿਚ ਇਕ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਇਸ ਲਈ ਸੰਦੇਸ਼ ਨੂੰ ਸਹੀ ਢੰਗ ਨਾਲ ਪੇਸ਼ ਕਰਨ ਲਈ ਠੀਕ ਭਾਸ਼ਾ ਦਾ ਪ੍ਰਯੋਗ ਹੋਣਾ ਚਾਹੀਦਾ ਹੈ।
7. ਵਿਗਿਆਪਨਾਂ ਨੂੰ ਲੋਕਾਂ ਅੰਦਰ ਜਾਣਨ ਦੀ ਉਤਸੁਕਤਾ ਪੈਦਾ ਕਰਨੀ ਚਾਹੀਦੀ ਹੈ ਅਤੇ ਇਹ ਵਿਗਿਆਪਨ ਆਮ ਲੋਕਾਂ ਦੁਆਰਾ ਸਵੀਕ੍ਰਿਤ ਹੋਣੇ ਚਾਹੀਦੇ ਹਨ।
8. ਵਿਗਿਆਪਨ ਤਿਆਰ ਕਰਨ ਵੇਲੇ ਉਪਭੋਗੀ ਦੀ ਪਸੰਦ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਉਸਦੀ ਕੀ ਲੋੜ ਹੈ, ਉਸਦੀ ਮਾਨਸਿਕ ਸਥਿਤੀ ਹੈ। ਅਜਕਲ ਜ਼ਿਆਦਾ ਵਿਗਿਆਪਨ ਕੱਪੜੇ ਧੋਣ ਵਾਲੇ ਪਾਊਡਰਾਂ ਅਤੇ ਸਾਬਨਾ ਬਾਰੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਸਤੂਆਂ ਦੀ ਲੋੜ ਸਾਰਿਆਂ ਲਈ ਹੈ। ਮਨੁੱਖੀ ਜੀਵਨ ਦੀਆਂ ਦੂਜੀਆਂ ਲੋੜਾਂ ਹਨ ਜਿਵੇਂ ਖੁਰਾਕ, ਆਰਾਮ, ਵਿਰੋਧੀ ਲਿੰਗ ਪ੍ਰਤੀ ਆਕਰਸਣ, ਪਿਆਰਿਆਂ ਲਈ ਸ਼ੁਭ ਆਸ਼ਾਵਾਂ, ਡਰ ਅਤੇ ਚਿੰਤਾ ਤੋਂ ਛੁਟਕਾਰਾ, ਚੰਗਾ ਅਤੇ ਲੰਮਾ ਜੀਵਨ ਅਤੇ ਸਮਾਜਿਕ ਸਥਿਰਤਾ ਆਦਿ।

### 2.3.6 ਵਿਗਿਆਪਨ ਦਾ ਨੀਤੀ-ਸ਼ਾਸਤਰ (Ethics of Advertisement) :

ਵਿਗਿਆਪਨ ਦੀ ਤਕਨੀਕ ਸਾਧਾਰਨ ਅਤੇ ਹਰਮਨ ਪਿਆਰੀ ਹੈ। ਪਰੰਤੂ ਸਮੇਂ-ਸਮੇਂ ਤੇ ਵਿਗਿਆਪਨ ਦੇ ਵਪਾਰ, ਇਸਦੇ ਨਿਯਮਾਂ ਦੀ ਆਲੋਚਨਾ ਹੁੰਦੀ ਰਹੀ ਹੈ। ਇਸ ਦੀ ਆਲੋਚਨਾ ਦਾ ਅਰਥ ਹੈ ਵਿਗਿਆਪਨ ਦੇ ਅਸਲੀ ਅਰਥਾਂ ਅਤੇ ਉਦੇਸ਼ਾਂ ਦੀ ਭਾਲ ਕਰਨੀ। ਭਾਰਤ ਵਰਗੇ ਮੁਲਕ ਵਿਚ, ਜਿਥੋਂ ਦੀ ਆਰਥਿਕ ਦਸ਼ਾ ਐਨੀ ਚੰਗੀ ਨਹੀਂ ਹੈ, ਕੀ ਵਿਗਿਆਪਨਾਂ ਉੱਪਰ ਕਰੋੜਾਂ ਰੁਪਈਏ ਖਰਚ ਦੇਣਾ ਉੱਚਿਤ ਹੈ? ਕੀ ਵਸਤੂਆਂ ਦੀ ਖਰੀਦ ਦੇ ਵਾਧੇ ਲਈ ਵਿਗਿਆਪਨ ਦੇਣੇ ਕੀ ਜ਼ਰੂਰੀ ਹਨ? ਜਦੋਂ ਕਿ ਭਾਰਤ ਦੀ ਅੱਧੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ ਅਤੇ ਕਰੋੜਾਂ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ। ਕੀ ਮੁਲਕ ਵਿਚ ਜੁਰਮਾਂ ਦੇ ਵਾਧੇ ਲਈ ਸਾਡੇ ਵਿਗਿਆਪਨ ਜ਼ਿੰਮੇਵਾਰ ਨਹੀਂ ਹਨ? ਵਿਗਿਆਪਨਾਂ ਰਾਹੀਂ ਮਾਸੂਮ ਬੱਚਿਆਂ ਦੇ ਮਨਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਜਾਂਦਾ ਹੈ? ਕੀ ਸਾਡੀ ਪੁਰਾਤਨ ਭਾਰਤੀ ਸਭਿਅਤਾ ਉੱਪਰ ਨੰਗੇਜ਼ ਦਾ ਹਮਲਾ ਨਹੀਂ ਹੈ? ਏਦਾਂ ਦੇ ਕਈ ਹੋਰ ਪ੍ਰਸ਼ਨ ਸਾਡੇ ਮਨੋਵਿਗਿਆਨਕਾਂ, ਸਮਾਜ-ਵਿਗਿਆਨੀਆਂ ਅਤੇ ਦਾਰਸ਼ਨਿਕਾਂ ਲਈ ਸਮੱਸਿਆ ਬਣ ਚੁੱਕੇ ਹਨ।

### 2.3.7 ਵਿਗਿਆਪਨਾਂ ਦੇ ਬੁਰੇ ਅਸਰ :

ਵਿਗਿਆਪਨਾਂ ਦੇ ਬੁਰੇ ਅਸਰਾਂ ਉਪਰ ਜੇ ਝਾਤ ਮਾਰੀਏ ਤਾਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਭਾਰਤ ਵਰਗੇ ਗਰੀਬ ਦੇਸ਼ ਵਿੱਚ ਵਿਗਿਆਪਨਾਂ ਉੱਪਰ ਏਨੇ ਪੈਸੇ ਖਰਚ ਕਰਨੇ ਫਜ਼ੂਲ ਹਨ। ਸਗੋਂ ਇਹੀ ਪੈਸਾ ਦੇਸ਼ ਦੇ ਵਿਕਾਸਸ਼ੀਲ ਕਿਰਿਆਵਾਂ ਉਪਰ ਖਰਚ ਕੀਤੇ ਜਾਣੇ ਚਾਹੀਦੇ ਹਨ। ਦੂਜਾ, ਵਿਗਿਆਪਨ ਝੂਠੇ ਪ੍ਰਚਾਰ ਉਪਰ ਆਧਾਰਿਤ ਹੁੰਦੇ ਹਨ ਜਿਨ੍ਹਾਂ ਰਾਹੀਂ ਬਾਅਦ ਵਿਚ ਲੋਕਾਂ ਦੇ ਚਰਿਤਰ ਉਪਰ ਭੈੜਾ ਅਸਰ ਪੈਂਦਾ ਹੈ। ਮਿਸਾਲ ਵਜੋਂ ਬਾਰ-ਬਾਰ ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਵਿਗਿਆਪਨ ਸੱਚੇ ਹਨ ਪਰੰਤੂ ਅਸਲ ਵਿਚ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਹਰੇਕ ਵਿਅਕਤੀ ਜਾਣਦਾ ਹੈ ਕਿ ਕਰੀਮਾਂ ਅਤੇ ਪਾਊਡਰਾਂ ਦੇ ਇਸਤੇਮਾਲ ਨਾਲ ਕਾਲੇ ਰੰਗ ਦੇ ਵਿਅਕਤੀ ਨੂੰ ਗੋਰਾ ਨਹੀਂ ਬਣਾਇਆ ਜਾ ਸਕਦਾ। ਅਜਿਹੇ ਵਿਗਿਆਪਨਾਂ ਉਪਰ ਖਰਚ ਕੀਤੇ ਪੈਸਿਆਂ ਦਾ ਬੋਝ ਵੀ ਆਖਰਕਾਰ ਉਪਭੋਗਤਾ ਉਪਰ ਪੈਂਦਾ ਹੈ। ਆਧੁਨਿਕ ਸਮੇਂ ਵਿਚ ਵਿਗਿਆਪਨਾਂ ਵਿਚ ਭਰਿਆ ਹੋਇਆ ਨੰਗੇਜ਼ ਬੱਚਿਆਂ ਦੀ ਮਾਨਸਿਕ ਸਿਹਤ ਲਈ ਠੀਕ ਨਹੀਂ ਹੈ। ਅਜਿਹੇ ਵਿਗਿਆਪਨਾਂ ਨੂੰ ਕਈ ਵਾਰ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਬੈਠਕੇ ਨਹੀਂ ਵੇਖ ਸਕਦੇ। ਇਥੋਂ ਤਕ ਕਿ ਅੱਜ ਕਲ ਮੈਗਜ਼ੀਨਾਂ ਵਿਚ ਵੀ ਪੂਰਾ ਨੰਗੇਜ਼ ਭਰਿਆ ਹੁੰਦਾ ਹੈ। ਨੰਗੇਜ਼ ਅੱਜ ਕਲ ਆਮ

ਗੱਲ ਹੋ ਗਈ ਹੈ। ਚਾਹੇ ਇਹ ਮਮਤਾ ਕੁਲਕਰਨੀ ਹੋਵੇ ਚਾਹੇ ਸਪਰੇ ਅਪਣਾ ਸਰੀਰ ਦਿਖਾ ਰਹੀ ਹੋਵੇ, ਵੇਖਣ ਵਾਲੇ ਪੂਰਾ ਮਜ਼ਾ ਲੁੱਟ ਰਹੇ ਹੁੰਦੇ ਹਨ।

"ਦ ਅਮੇਰੀਕਨ ਐਸੋਸੀਏਸ਼ਨ ਆਫ਼ ਬੈਟਰ ਬਿਜਨੇਸ ਬਿਊਰੋ" ਨੇ ਵਿਗਿਆਪਨਾਂ ਦੇ ਕੁਝ ਨਿਸ਼ਚਿਤ ਮਾਪਦੰਡ ਦਿਤੇ ਹਨ ਜੋ ਇੰਜ ਹਨ:

1. ਵਿਗਿਆਪਨ ਕੀਤੀ ਜਾ ਰਹੀ ਵਸਤੂ ਬਾਰੇ ਸੱਚ ਦੱਸਣਾ।
2. ਸੱਚ ਨੂੰ ਸਿੱਧੇ ਤੌਰ ਤੇ ਦੱਸਣਾ ਤਾਂ ਕਿ ਵਸਤੂ ਬਾਰੇ ਭਰੋਸਾ ਬਣਿਆ ਰਹੇ।
3. ਜਿਸ ਗੱਲ ਦਾ ਦਾਅਵਾ ਵਿਗਿਆਪਨ ਵਿਚ ਕੀਤਾ ਜਾਵੇ ਉਹ ਵਸਤੂ ਵਿਚ ਵੀ ਹੋਣੀ ਚਾਹੀਦੀ ਹੈ।
4. ਵਸਤੂ ਉਪਭੋਗਤਾ ਦੀ ਸਿਹਤ ਲਈ ਨੁਕਸਾਨਦਾਇਕ ਨਹੀਂ ਹੋਣੀ ਚਾਹੀਦੀ।
5. ਵਸਤੂ ਦੇ ਪੈਦਾਵਾਰੀ ਤੱਥ ਹਰੇਕ ਨੂੰ ਪਤਾ ਹੋਣੇ ਚਾਹੀਦੇ ਹਨ। ਖਰੀਦਦਾਰ ਪਾਸੋਂ ਕੁਝ ਵੀ ਛੁਪਾਇਆ ਨਹੀਂ ਜਾਣਾ ਚਾਹੀਦਾ।
6. ਉਪਭੋਗਤਾ ਨਾਲ ਕੋਈ ਠੱਗੀ ਨਹੀਂ ਲੱਗਣੀ ਚਾਹੀਦੀ।
7. ਜਨਤਾ ਦੀ ਸੇਵਾ ਇਮਾਨਦਾਰੀ ਅਤੇ ਪ੍ਰੇਮ-ਭਾਵ ਨਾਲ ਹੋਣੀ ਚਾਹੀਦੀ ਹੈ।
8. ਉਪਭੋਗਤਾ ਦਾ ਵਸਤੂ ਬਾਰੇ ਹਰੇਕ ਗੱਲ ਸੁਣਨ ਦਾ ਹੱਕ ਹੈ।
9. ਕਿਸੇ ਵੀ ਵਿਅਕਤੀ ਨੂੰ ਦੂਜੇ ਦੀ ਵਸਤੂ ਦਾ ਖੰਡਨ ਕੀਤੇ ਬਗੈਰ ਹੀ ਆਪਣੀ ਵਸਤੂ ਦੀ ਵਿਕਰੀ ਵਿਚ ਵਾਧਾ ਕਰਨਾ ਚਾਹੀਦਾ ਹੈ।

ਅੱਜ ਮੁਕਾਬਲੇ ਅਤੇ ਪਦਾਰਥਵਾਦ ਦੇ ਯੁੱਗ ਵਿਚ ਸਾਰੀਆਂ ਕੰਪਨੀਆਂ ਨੇ ਪੈਦਾਵਾਰ ਦੇ ਨਿਯਮਾਂ ਨੂੰ ਅਣਗੌਲਿਆ ਕੀਤਾ ਹੋਇਆ ਹੈ। ਲੋਕਾਂ ਅੰਦਰ ਏਨੀ ਜਾਗਰੂਕਤਾ ਨਹੀਂ ਹੈ ਕਿ ਉਨ੍ਹਾਂ ਦੇ ਅਧਿਕਾਰ ਕਿਹੜੇ ਕਿਹੜੇ ਹਨ। ਜੋ ਕੁਝ ਟੀ.ਵੀ., ਅਖਬਾਰਾਂ, ਮੈਗਜ਼ੀਨਾਂ ਵਿਚ ਦਿਖਾਇਆ ਜਾਂਦਾ ਹੈ, ਸਭ ਝੂਠਾ ਹੁੰਦਾ ਹੈ। ਮਿਸਾਲ ਵਜੋਂ ਸੀਮਿੰਟ ਦਾ ਵਿਗਿਆਪਨ ਇੰਜ ਦਿੱਤਾ ਜਾਂਦਾ ਹੈ ਕਿ ਬੰਬ ਨਾਲ ਵੀ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਕਿਸੇ ਮਿਊਜ਼ਕ ਸਿਸਟਮ ਦੇ ਵਿਗਿਆਪਨ ਵਿਚ ਦਿਖਾਇਆ ਜਾਂਦਾ ਹੈ ਕਿ ਉਸਦੀ ਆਵਾਜ਼ ਏਨੀ ਤੇਜ਼ ਹੈ ਕਿ ਉਸ ਨਾਲ ਇਮਾਰਤ ਦੇ ਸ਼ੀਸ਼ੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਕਈ ਵਿਗਿਆਪਨ ਤਾਂ ਏਨੇ ਕਲਪਨਾਤਮਕ ਹੁੰਦੇ ਹਨ ਕਿ ਸਿਹਤ ਲਈ ਕੋਈ ਡਰਿੰਕ ਲੈਂਦਿਆਂ ਹੀ ਏਨੀ ਸ਼ਕਤੀ ਸਰੀਰ ਵਿਚ ਆ ਜਾਦੀ ਹੈ ਕਿ ਵਿਅਕਤੀ ਹਵਾ ਵਿਚ ਉੱਡਣਾ ਸ਼ੁਰੂ ਕਰ ਦਿੰਦਾ ਹੈ।

ਵਿਗਿਆਪਨਾਂ ਦੇ ਇਨ੍ਹਾਂ ਬੁਰੇ ਅਸਰਾਂ ਦੇ ਬਾਵਜੂਦ ਕੁਝ ਇਸਦੇ ਫਾਇਦੇ ਵੀ ਹਨ। ਕੇਵਲ ਇਹ ਗੱਲ ਨਹੀਂ ਹੈ ਕਿ ਵਿਗਿਆਪਨ ਸਾਡੇ ਨੈਤਿਕ ਆਦਰਸ਼ਾਂ ਦੇ ਮਿਆਰ ਨੂੰ ਘਟਾ ਰਹੇ ਹਨ। ਵਿਗਿਆਪਨ ਦੇਣੇ ਤਾਂ ਇਕ ਉਦਯੋਗਿਕ ਕਿਰਿਆ ਹੈ ਅਤੇ ਭਾਰਤ ਵਰਗੇ ਮੁਲਕ ਲਈ ਇਹ ਬਹੁਤ ਲਾਹੇਵੰਦ ਹਨ। ਵਿਗਿਆਪਨਾਂ ਰਾਹੀਂ ਅਸੀਂ ਪਰਿਵਾਰ ਨਿਯੋਜਣ ਦੇ ਪ੍ਰੋਗਰਾਮ ਬਣਾ ਕੇ ਦਿਖਾ ਸਕਦੇ ਹਾਂ ਕਿ ਜਿਸ ਨਾਲ ਅਸੀਂ ਭਾਰਤ ਦੀ ਵੱਧ ਰਹੀ ਆਬਾਦੀ ਉਪਰ ਕਾਬੂ ਪਾ ਸਕਦੇ ਹਾਂ। ਵਿਗਿਆਪਨਾਂ ਰਾਹੀਂ ਅੱਜ ਕਲ ਪੋਲੀਓ ਅਤੇ ਏਡਜ਼ ਜਿਹੀਆਂ ਬੀਮਾਰੀਆਂ ਉਪਰ ਕਾਬੂ ਪਾਉਣ ਦਾ ਯਤਨ ਕੀਤਾ ਜਾਂ ਰਿਹਾ ਹੈ। ਅਮਿਤਾਭ ਬਚਨ ਅਤੇ ਸ਼ਬਾਨਾ ਆਜ਼ਮੀ ਏਡਜ਼ ਨਾਲ ਸੰਬੰਧਤ ਤੱਥਾਂ ਬਾਰੇ ਵਿਗਿਆਪਨਾਂ ਰਾਹੀਂ ਲੋਕਾਂ ਵਿਚ ਚੇਤਨਾ ਪੈਦਾ ਕਰ ਰਹੇ ਹਨ। ਏਸ਼ਵਰਿਆ ਰਾਏ ਅੱਖਾਂ ਦਾਨ ਕਰਨ ਦੇ ਵਿਚਾਰ ਨੂੰ ਵਿਗਿਆਪਨ ਰਾਹੀਂ ਘਰ ਘਰ ਪਹੁੰਚਾ ਰਹੀ ਹੈ। ਸਾਡੇ ਵਿਗਿਆਪਨਾਂ ਨੂੰ ਜਨਤਾ ਪ੍ਰਤੀ ਸਾਡੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਬਣਾਇਆ ਜਾਣਾ ਚਾਹੀਦਾ ਹੈ। ਇੰਜ ਵਿਗਿਆਪਨਾਂ ਦੇ ਫ਼ਾਇਦਿਆਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

**ਆਪਣੇ ਗਿਆਨ ਦੀ ਪਰਖ ਕਰੋ :**

1. ਵਿਗਿਆਪਨ ਤੋਂ ਤੁਹਾਡਾ ਕੀ ਭਾਵ ਹੈ ? ਇਸ ਦੀਆਂ ਕਿਸਮਾਂ ਬਾਰੇ ਦੱਸੋ।

___

___

___

2. ਵਿਗਿਆਪਨਾਂ ਦੇ ਉਦੇਸ਼ ਬਾਰੇ ਚਰਚਾ ਕਰੋ।

3. ਵਿਗਿਆਪਨ ਦੇ ਨਿਯਮਾਂ ਬਾਰੇ ਚਰਚਾ ਕਰੋ।

**2.3.8** ਮਹੱਤਵਪੂਰਨ ਸ਼ਬਦ :

**ਵਿਗਿਆਪਨਾਂ ਵਿੱਚ ਨੈਤਿਕ ਮੁੱਦੇ** : ਵਿਗਿਆਪਨ ਦੀ ਵਪਾਰ ਨੀਤੀ ਸ਼ਾਸਤਰ ਵਿੱਚ ਅਧਿਐਨ ਦਾ ਖੇਤਰ ਬਣ ਚੁੱਕੇ ਹਨ। ਵਿਗਿਆਪਨਾਂ ਤੋਂ ਭਾਵ ਲੋਕਾਂ ਨੂੰ ਕਿਸੇ ਵਿਸ਼ੇਸ਼ ਕਿਸਮ ਦੀ ਵਸਤੂ ਜਾਂ ਸੇਵਾ ਖਰੀਦਣ ਲਈ ਪ੍ਰੇਰਿਤ ਕਰਨਾ ਹੈ। ਕਿਸੇ ਚੀਜ਼ ਨੂੰ ਪੈਦਾ ਕਰਨ ਦੀ ਬਜਾਏ ਉਸ ਦੇ ਇਸ਼ਤਿਹਾਰ ਦੇਣ ਵਿਚ ਅਧਿਕ ਧਿਆਨ ਸਮੇਂ ਅਤੇ ਪੈਸਾ ਖਰਚ ਕੀਤਾ ਜਾਂਦਾ ਹੈ। ਇਸ਼ਤਿਹਾਰਬਾਜ਼ੀ ਨਿਸ਼ਚਿਤ ਕੀਤੇ ਹੋਏ ਉਦੇਸ਼ ਤਕ ਲੋਕਾਂ ਨੂੰ ਕਿਹਲ ਕਰਨ ਦੀ ਨਿਰੰਤਰ ਪ੍ਰਕ੍ਰਿਆ ਹੈ। ਦੂਸਰੇ ਸ਼ਬਦਾਂ ਵਿਚ ਵਿਗਿਆਪਨ ਉਹੋ ਵਪਾਰਿਕ ਸ਼ਕਤੀ ਹੈ ਜਿਸ ਕਾਰਨ ਵਿਕਰੀ ਵਿੱਚ ਵਾਧਾ ਹੁੰਦਾ ਹੈ, ਪ੍ਰਸਿੱਧੀ ਵੱਧਦੀ ਹੈ। ਵਿਗਿਆਪਨ ਆਸ ਪਾਸ ਦੀ ਸਮਾਚਾਰ ਤੇ ਮੁੱਲਾਂ ਅਤੇ ਦ੍ਰਿਸ਼ਟੀਕੋਣ ਦੀ ਤਸਵੀਰ ਪੇਸ਼ ਕਰਦਾ ਹੈ। ਵਿਗਿਆਪਨ ਦੇ ਸਾਧਨ, ਟੈਲੀਵਿਜ਼ਨ, ਰੇਡੀਓ, ਪ੍ਰੈੱਸ, ਸਿਨੇਮਾ, ਬੈਨਰ ਪਰਿਚੈ, ਸਟੀਕਰ, ਪੋਸਟਰ, ਪ੍ਰਦਰਸ਼ਨੀਆਂ ਆਦਿ ਸ਼ਾਮਿਲ ਹਨ। ਵਪਾਰਿਕ ਵਿਗਿਆਪਨਾਂ, ਜਨਤਕ ਸੇਵਾਵਾ ਦਾ ਵਿਗਿਆਪਨ, ਰਾਜਨੀਤਿਕ ਵਿਗਿਆਪਨ ਅਤੇ ਧਾਰਮਿਕ ਵਿਗਿਆਪਨਾਂ ਇਸ ਦੀਆਂ ਕਿਸਮਾਂ ਹਨ।

**ਵਿਗਿਆਪਨਾਂ ਦੇ ਨੈਤਿਕ ਪੱਖ** : ਕਪਟੀ ਵਿਗਿਆਪਨ ਗਾਹਕ ਦਾ ਸ੍ਵੈਸ਼ਾਸ਼ਨ ਵਿਗਿਆਪਨ ਪ੍ਰਤੀ ਸਰਕਾਰੀ ਕਾਨੂੰਨ, ਵਿਗਿਆਪਨਾਂ ਵਿੱਚ ਸੱਚਾਈ, ਵਿਗਿਆਪਨ ਅਤੇ ਮਨੁੱਖ ਦੀ ਪ੍ਰਤਿਸ਼ਿਠਤਾ ਅਤੇ ਵਿਗਿਆਪਨ ਅਤੇ ਸਮਾਜਿਕ ਜ਼ਿੰਮੇਵਾਰੀ ਕੁਝ ਅਜਿਹੇ ਨੈਤਿਕ ਪੱਖ ਹਨ ਜੋ ਵਿਗਿਆਪਨਾਂ ਵਿਚ ਮੌਜੂਦ ਹੁੰਦੇ ਹਨ। ਸਾਨੂੰ ਵਿਗਿਆਪਨ ਦੇਣ ਤੋਂ ਪਹਿਲਾਂ ਇਹਨਾਂ ਗੱਲਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ, ਜਿਵੇਂ – ਲੜਕੀਆਂ ਦਾ ਜ਼ਿਆਦਾ ਦੁਰਪ੍ਰਯੋਗ ਨਾ ਹੋਵੇ, ਲੋਕਾਂ ਵਿੱਚ ਅਧਿਕ ਤੋਂ ਅਧਿਕ ਇੱਛਾ ਉਤਪੰਨ ਕਰਨਾ, ਵਿਆਜ ਹੇਠਾਂ ਦਬਾਉਣਾ, ਸਾਡੇ ਵਿਗਿਆਪਨਾਂ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ਹੈ। ਤਿਉਹਾਰਾਂ ਦੇ ਸਮੇਂ ਗ੍ਰਾਹਕਾਂ ਦਾ ਵਿੱਤੀ ਸ਼ੋਸ਼ਣ ਨਹੀਂ ਹੋਣਾ ਚਾਹੀਦਾ। ਬਾਈਨਲ ਅਤੇ ਪੋਸਟਰਾਂ ਦੀ ਅਧਿਕ ਗਿਣਤੀ ਨਹੀਂ ਹੋਣੀ ਚਾਹੀਦੀ। ਫਿਲਮੀ ਸਿਤਾਰਿਆਂ ਅਤੇ ਹਸਤੀਆਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਲਾਭ ਕਮਾਉਣ ਲਈ ਸਾਨੂੰ ਆਪਣੇ ਹੀ ਸਮਾਜ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ।

**2.3.9** ਪ੍ਰਸ਼ਨ

1. ਵਿਗਿਆਪਨ ਤੋਂ ਤੁਹਾਡਾ ਕੀ ਭਾਵ ਹੈ? ਇਸਦੀ ਕਿਸਮਾਂ ਬਾਰੇ ਦੱਸੋ।
2. ਵਿਗਿਆਪਨਾਂ ਦੇ ਉਦੇਸ਼ ਬਾਰੇ ਚਰਚਾ ਕਰੋ।
3. ਵਿਗਿਆਪਨ ਦੇ ਨੈਤਿਕ ਨਿਯਮਾਂ ਬਾਰੇ ਦੱਸੋ।

**ਛੋਟੇ ਪ੍ਰਸ਼ਨ** :

1. ਵਿਗਿਆਪਨ ਦੀ ਪਰਿਭਾਸ਼ਾ।
2. ਵਿਗਿਆਪਨ ਦੇ ਸਾਧਨ।
3. ਵਿਗਿਆਪਨ ਦੀਆਂ ਵਿਧੀਆਂ।
4. ਵਿਗਿਆਪਨ ਦੀਆਂ ਕਿਸਮਾਂ।

**2.3.10** ਹਵਾਲੇ ਅਤੇ ਤਜਵੀਜ਼ਤ ਪੁਸਤਕਾਂ:

Type Setting :
Department of Distance Education, Punjabi University, Patiala.